5-DEC-PAGE-1.qxd 12/4/2023 10:24 PM Page 1

ਮੰਗਲਵਾਰ, 5 ਦਸੰਬਰ, 2023
20 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 185

ਨਵਾਂ ਜ਼ਮਾਨਾ

DAILY NAWAN ZAMANA • TUESDAY, 5 DECEMBER, 2023
ਜਲੰਧਰ
nawan zamana TV
ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
E-mail : nawanzamana@gmail.com
www.nawanzamana.in
ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਮਿਜ਼ੋਰਮ 'ਚ ਜ਼ੈੱਡ ਪੀ ਐੱਮ ਨੇ ਸਾਰੀਆਂ ਵੱਡੀਆਂ ਪਾਰਟੀਆਂ ਖੁੰਜੇ ਲਾਈਆਂ

ਆਈਜ਼ੋਲ : ਜ਼ੋਰਮ ਪੀਪਲਜ਼ ਮੂਵਮੈਂਟ (ਜ਼ੈੱਡ ਪੀ ਐੱਮ) ਸੋਮਵਾਰ ਸੱਤਾਧਾਰੀ ਮਿਜ਼ੋ ਨੈਸ਼ਨਲ ਫਰੰਟ (ਐੱਮ ਐੱਨ ਐੱਫ) ਨੂੰ ਬੁਰੀ ਤਰ੍ਹਾਂ ਪਛਾੜਦਿਆਂ ਮਿਜ਼ੋਰਮ ਅਸੰਬਲੀ ਦੀਆਂ 40 ਵਿੱਚੋਂ 27 ਸੀਟਾਂ ਜਿੱਤ ਕੇ ਸੱਤਾ 'ਚ ਆ ਗਈ। ਉਹ ਪਹਿਲੀ ਵਾਰ ਸੱਤਾ ਸੰਭਾਲੇਗੀ। ਕੇਂਦਰ ਵਿਚ ਭਾਜਪਾ ਦੇ ਇਤਿਹਾਦੀ ਐੱਮ ਐੱਨ ਐੱਫ ਨੂੰ 10 ਸੀਟਾਂ ਮਿਲੀਆਂ। ਭਾਜਪਾ ਨੇ ਦੋ ਸੀਟਾਂ ਜਿੱਤੀਆਂ, ਜਦਕਿ ਪਿਛਲੀ ਵਾਰ ਇਕ ਸੀਟ ਜਿੱਤੀ ਸੀ। ਕਾਂਗਰਸ ਨੂੰ ਇਕ ਸੀਟ ਮਿਲੀ।

ਆਈ ਪੀ ਐੱਸ ਅਧਿਕਾਰੀ ਰਹੇ ਲਾਲਦੂਹੋਮਾ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਕਿਉਰਟੀ ਸੰਭਾਲ ਚੁੱਕੇ ਹਨ। ਉਨ੍ਹਾ ਦੀ ਪਾਰਟੀ ਨੇ ਦੂਜੀ ਵਾਰ ਅਸੰਬਲੀ ਚੋਣਾਂ ਲੜੀਆਂ। 2018 ਵਿਚ 8 ਸੀਟਾਂ ਜਿੱਤੀਆਂ ਸਨ।

ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਲਾਲਦੂਹੋਮਾ ਨੇ ਸੇਰਛਿਪ ਸੀਟ 2982 ਵੋਟਾਂ ਦੇ ਫਰਕ ਨਾਲ ਜਿੱਤੀ। ਮੁੱਖ ਮੰਤਰੀ ਜ਼ੋਰਮਥੰਗਾ ਆਈਜ਼ੋਲ ਈਸਟ-1 ਸੀਟ ਤੋਂ ਜ਼ੈੱਡ ਪੀ ਐੱਮ ਦੇ ਲਾਲਥਨਸਾਂਗਾ ਤੋਂ 2,101 ਵੋਟਾਂ ਨਾਲ ਚੋਣ ਹਾਰ ਗਏ। ਉਪ ਮੁੱਖ ਮੰਤਰੀ ਤਵਾਨਲੁਈਆ ਤੁਈਚਾਂਗ ਸੀਟ 'ਤੇ ਜੈੱਡ ਪੀ ਐੱਮ ਉਮੀਦਵਾਰ ਤੋਂ 909 ਵੋਟਾਂ ਦੇ ਫਰਕ ਨਾਲ ਹਾਰ ਗਏ।

ਮਿਜ਼ੋਰਮ ਦੇ 1987 ਵਿਚ ਰਾਜ ਬਣਨ ਤੋਂ ਲੈ ਕੇ ਕਾਂਗਰਸ ਤੇ ਐੱਮ ਐੱਨ ਐੱਫ ਦਾ

ਲਾਲਦੂਹੋਮਾ

ਹੀ ਦਬਦਬਾ ਰਿਹਾ ਹੈ। ਪਹਿਲਾਂ ਕਾਂਗਰਸ ਨੇ ਰਾਜ ਕੀਤਾ ਅਤੇ 1998 ਵਿਚ ਐੱਮ ਐੱਨ ਐੱਫ ਦੇ ਜ਼ੋਰਮਥੰਗਾ ਕਾਂਗਰਸ ਦਾ 10 ਸਾਲਾ ਰਾਜ ਖਤਮ ਕਰਕੇ ਮੁੱਖ ਮੰਤਰੀ ਬਣੇ। ਐੱਮ ਐੱਨ ਐੱਫ ਨੇ ਇਕ ਦਹਾਕਾ ਰਾਜ ਕੀਤਾ। 2008 ਤੇ 2013 ਦੀਆਂ ਅਸੰਬਲੀ ਚੋਣਾਂ ਕਾਂਗਰਸ ਨੇ ਜਿੱਤੀਆਂ। 2018 ਵਿਚ ਫਿਰ ਐੱਮ ਐੱਨ ਐੱਫ ਦੀ ਸਰਕਾਰ ਬਣੀ।

ਜ਼ੈਡ ਪੀ ਐੱਮ 2017 ਵਿਚ ਛੇ ਇਲਾਕਾਈ ਪਾਰਟੀਆਂ ਤੇ ਸਿਵਲ ਸੁਸਾਇਟੀ ਗਰੁੱਪਾਂ ਨਾਲ ਬਣੀ ਸੀ। ਚੋਣ ਕਮਿਸ਼ਨ ਨੇ 2019 ਵਿਚ ਇਸਨੂੰ ਸਿਆਸੀ ਪਾਰਟੀ ਵਜੋਂ ਰਜਿਸਟਰਡ ਕੀਤਾ ਸੀ। ਇਸ ਵਿਚ ਸ਼ਾਮਲ ਸਭ ਤੋਂ ਵੱਡੀ ਪਾਰਟੀ ਮਿਜ਼ੋਰਮ ਪੀਪਲਜ਼ ਕਾਨਫਰੰਸ 2019 ਵਿਚ ਬਾਹਰ ਹੋ ਗਈ ਅਤੇ ਬਾਕੀ ਬਚੀਆਂ ਪੰਜ ਪਾਰਟੀਆਂ ਨੇ ਇੱਕ ਪਾਰਟੀ ਬਣਾ ਕੇ ਜ਼ੈੱਡ ਪੀ ਐੱਮ ਨਾਂ ਰੱਖ ਲਿਆ।

ਲਾਲਦੂਹੋਮਾ ਨੇ 1984 ਵਿਚ ਕਾਂਗਰਸ ਦੀ ਟਿਕਟ 'ਤੇ ਲੋਕ ਸਭਾ ਸੀਟ ਜਿੱਤੀ ਸੀ ਪਰ ਸੂਬਾਈ ਆਗੂਆਂ ਨਾਲ ਮਤਭੇਦ ਕਾਰਨ ਉਨ੍ਹਾ ਨੂੰ ਅਯੋਗ ਐਲਾਨ ਦਿੱਤਾ ਗਿਆ। 1988 ਵਿਚ ਦਲ-ਬਦਲੀ ਰੋਕੂ ਕਾਨੂੰਨ ਤਹਿਤ ਅਯੋਗ ਕਰਾਰ ਦਿੱਤੇ ਜਾਣ ਵਾਲੇ ਉਹ ਪਹਿਲੇ ਲੋਕ ਸਭਾ ਮੈਂਬਰ ਬਣੇ। 2018 ਵਿਚ ਉਨ੍ਹਾ ਆਈਜ਼ੋਲ ਪੱਛਮੀ-1 ਅਤੇ ਸੇਰਛਿਪ ਤੋਂ ਆਜ਼ਾਦ ਉਮੀਦਵਾਰ ਵਜੋਂ ਅਸੰਬਲੀ ਚੋਣਾਂ ਜਿੱਤੀਆਂ।

ਕਾਂਗਰਸ ਨੇ ਚੋਣ ਪ੍ਰਚਾਰ ਮੁੱਖ ਤੌਰ 'ਤੇ ਇਸ ਨੁਕਤੇ 'ਤੇ ਕੇਂਦਰਤ ਰੱਖਿਆ ਕਿ ਐੱਮ ਐੱਨ ਐੱਫ ਤੇ ਜ਼ੈੱਡ ਪੀ ਐੱਮ ਇਕ ਤਰ੍ਹਾਂ ਨਾਲ ਇਸਾਈ ਬਹੁਮਤ ਵਾਲੇ ਰਾਜ ਵਿਚ ਭਾਜਪਾ ਲਈ ਰਾਹ ਪੱਧਰਾ ਕਰ ਰਹੀਆਂ ਹਨ। ਭਾਜਪਾ ਨੇ 23 ਸੀਟਾਂ ਲੜੀਆਂ ਤੇ ਉਸਦੀ ਸੋਚ ਸੀ ਕਿ ਲੰਗੜੀ ਅਸੰਬਲੀ ਬਣਨ 'ਤੇ ਪਾਸਕੂ ਉਸਦੇ ਹੱਥ ਆ ਜਾਵੇਗਾ।

ਕਾਂਗਰਸ ਨੇ ਭਾਜਪਾ ਨੂੰ ਖੁੰਜੇ ਲਾਉਣ ਲਈ ਮਨੀਪੁਰ ਹਿੰਸਾ ਦਾ ਮੁੱਦਾ ਵੀ ਚੋਣਾਂ ਵਿਚ ਉਠਾਇਆ। ਐੱਮ ਐੱਨ ਐੱਫ ਨੂੰ ਵੀ ਆਸ ਸੀ ਕਿ ਮਨੀਪੁਰ ਦੇ ਮੁੱਦੇ 'ਤੇ ਉਸਨੂੰ ਵੋਟਾਂ ਮਿਲ ਜਾਣਗੀਆਂ।

ਦੇਸ਼ ਵਿਰੋਧੀ ਨਾਅਰੇ ਲਿਖਣ ਵਾਲੇ ਐੱਸ ਐੱਫ ਜੇ ਦੇ ਦੋ ਕਾਰਕੁੰਨ ਗ੍ਰਿਫ਼ਤਾਰ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਪੰਜਾਬ ਪੁਲਸ ਨੇ ਸਿੱਖਸ ਫਾਰ ਜਸਟਿਸ (ਐਸ ਐਫ ਜੇ) ਦੇ ਦੋ ਕਾਰਕੁੰਨਾਂ ਨੂੰ ਪੰਜਾਬ ਅਤੇ ਆਸ-ਪਾਸ ਦੇ ਰਾਜਾਂ 'ਚ ਜਨਤਕ ਥਾਵਾਂ 'ਤੇ ਦੇਸ਼ ਵਿਰੋਧੀ ਨਾਅਰੇ ਲਿਖਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਮਾਸਟਰਮਾਈਂਡ ਗੁਰਪਤਵੰਤ ਸਿੰਘ ਪੰਨੂ ਅਤੇ ਜਗਜੀਤ ਸਿੰਘ ਦੀ ਹਮਾਇਤ ਵਾਲੀ ਨਿਊਯਾਰਕ ਸਥਿਤ ਐਸ ਐਫ ਜੇ ਨੂੰ ਭਾਰਤ ਸਰਕਾਰ ਨੇ ਗੈਰ-ਕਾਨੂੰਨੀ ਸੰਗਠਨ ਵਜੋਂ ਨਾਮਜ਼ਦ ਕੀਤਾ ਹੈ। ਹਾਲ ਹੀ ਵਿੱਚ ਆਜ਼ਾਦੀ ਦਿਵਸ ਮੌਕੇ ਜ਼ਿਲ੍ਹਾ ਬਠਿੰਡਾ, ਕ੍ਰਿਕਟ ਵਿਸ਼ਵ ਕੱਪ ਮੈਚਾਂ ਦੌਰਾਨ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ, ਰਾਜਸਥਾਨ ਦੇ ਹਨੂੰਮਾਨਗੜ੍ਹ ਰੇਲਵੇ ਸਟੇਸ਼ਨ ਅਤੇ ਜ਼ਿਲ੍ਹਾ ਅੰਮ੍ਰਿਤਸਰ 'ਚ ਗੁਰਪੁਰਬ ਦੌਰਾਨ ਵੱਖ-ਵੱਖ ਥਾਵਾਂ 'ਤੇ 'ਏਅਰ ਇੰਡੀਆ ਦਾ ਬਾਈਕਾਟ ਕਰੋ', 'ਖਾਲਿਸਤਾਨ ਜ਼ਿੰਦਾਬਾਦ ਅਤੇ ਐਸ ਐਫ ਜੇ ਜ਼ਿੰਦਾਬਾਦ', ਜਿਹੇ ਨਾਅਰੇ ਦੇਖੇ ਗਏ ਸਨ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਹਰਮਨਪ੍ਰੀਤ ਸਿੰਘ ਵਾਸੀ ਪਿੰਡ ਨਸੀਬਪੁਰਾ, ਤਲਵੰਡੀ ਸਾਬੋ, ਬਠਿੰਡਾ ਅਤੇ ਲਵਪ੍ਰੀਤ ਸਿੰਘ ਵਾਸੀ ਕੋਟਸ਼ਮੀਰ, ਬਠਿੰਡਾ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਕਾਲੀ ਸਪਰੇਅ ਦੇ ਤਿੰਨ ਕੈਨ, ਇਕ ਖਾਲਿਸਤਾਨ ਦਾ ਝੰਡਾ ਅਤੇ ਇਕ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਯਾਦਵ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਵਿਅਕਤੀਆਂ ਨੇ ਕਬੂਲਿਆ ਕਿ ਉਹ ਐਸ ਐਫ ਜੇ ਸੰਗਠਨ ਲਈ ਕੰਮ ਕਰਦੇ ਸਨ ਅਤੇ ਐਸ ਐਫ ਜੇ ਦੇ ਇੱਕ ਮੈਂਬਰ ਜਗਜੀਤ ਸਿੰਘ, ਜੋ

ਗੁਰਪਤਵੰਤ ਪੰਨੂ ਦੀ ਤਰਫੋਂ ਭਾਰਤ ਵਿੱਚ ਐਸ ਐਫ ਜੇ ਕਾਰਕੁਨਾਂ ਨੂੰ ਪੈਸੇ ਭੇਜਦਾ ਸੀ, ਦੇ ਸੰਪਰਕ 'ਚ ਸਨ। ਉਨ੍ਹਾ ਦੱਸਿਆ ਕਿ ਮੁਢਲੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਵਿਅਕਤੀਆਂ ਨੂੰ ਇਨ੍ਹਾਂ ਕੰਮਾਂ ਨੂੰ ਅੰਜਾਮ ਦੇਣ ਲਈ ਐਸ ਐਫ ਜੇ ਸੰਗਠਨ ਤੋਂ ਵੈਸਟਰਨ ਯੂਨੀਅਨ ਰਾਹੀਂ ਵੱਖ-ਵੱਖ ਕਿਸ਼ਤਾਂ ਵਿੱਚ 1,25,000 ਰੁਪਏ ਪ੍ਰਾਪਤ ਹੋਏ ਸਨ। ਏ ਆਈ ਜੀ ਕਾਊਂਟਰ ਇੰਟੈਲੀਜੈਂਸ ਬਠਿੰਡਾ ਅਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਕਾਊਂਟਰ ਇੰਟੈਲੀਜੈਂਸ ਬਠਿੰਡਾ ਦੀਆਂ ਪੁਲਸ ਟੀਮਾਂ ਨੇ ਬਠਿੰਡਾ-ਬਾਦਲ ਰੋਡ 'ਤੇ ਨੰਨ੍ਹੀ ਛਾਂ ਚੌਕ ਨੇੜੇ ਵਿਸ਼ੇਸ਼ ਨਾਕਾ ਲਗਾ ਕੇ ਦੋਵਾਂ ਨੂੰ ਉਦੋਂ ਕਾਬੂ ਕੀਤਾ, ਜਦੋਂ ਉਹ ਮੋਟਰਸਾਈਕਲ 'ਤੇ ਜਾ ਰਹੇ ਸਨ। ਇਸ ਸਬੰਧੀ ਥਾਣਾ ਕੈਨਾਲ ਕਲੋਨੀ ਬਠਿੰਡਾ ਵਿਖੇ ਭਾਰਤੀ ਦੰਡਾਵਲੀ ਦੀ ਧਾਰਾ 153, 153 ਏ, 505 ਅਤੇ 120 ਬੀ ਤਹਿਤ ਐਫ ਆਈ ਆਰ ਨੰਬਰ 233 ਮਿਤੀ 03/12/23 ਨੂੰ ਮੁਕੱਦਮਾ ਦਰਜ ਕੀਤਾ ਗਿਆ ਹੈ।

ਲੁਟੇਰਿਆਂ ਤੋਂ ਪੌਣੇ ਦੋ ਕਰੋੜ ਦਾ ਸੋਨਾ ਬਰਾਮਦ

ਬਠਿੰਡਾ (ਬਖਤੌਰ ਢਿੱਲੋਂ)-ਐੱਸ ਐੱਸ ਪੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਇੱਕ ਕੰਪਨੀ ਦੇ ਕਰਮਚਾਰੀ ਤੋਂ ਖੋਹਿਆ 1 ਕਰੋੜ 75 ਲੱਖ ਰੁਪਏ ਦਾ ਸੋਨਾ ਪੁਲਸ ਨੇ ਬਰਾਮਦ ਕੀਤਾ ਹੈ।

ਬੀਤੇ ਦਿਨ ਪੁਲਸ ਨੂੰ ਸਾਹਿਲ ਖਿੱਪਲ ਨੇ ਦੱਸਿਆ ਕਿ ਸੀ ਉਹਨਾਂ ਦੀ ਕੰਪਨੀ ਸ੍ਰੀ ਬਰਾਇਟ ਮਜੈਸਟਿਕ, ਜਿਸ ਦਾ ਦਫ਼ਤਰ ਸੂਰਤ ਵਿਖੇ ਹੈ, ਸੁਨਿਆਰਿਆਂ ਦੇ ਆਰਡਰ 'ਤੇ ਵੱਖ-ਵੱਖ ਸ਼ਹਿਰਾਂ ਵਿੱਚ ਸੋਨਾ ਸਪਲਾਈ ਕਰਦੀ ਹੈ। ਕਰਮਚਾਰੀ ਰਾਜੂ ਰਾਮ ਦਿੱਲੀ ਤੋਂ ਰੇਲ ਗੱਡੀ ਰਾਹੀਂ ਸੋਨੇ ਦੇ ਗਹਿਣੇ ਲੈ ਕੇ ਬਠਿੰਡਾ ਵੱਲ ਆ ਰਿਹਾ ਸੀ, ਜਿਸ ਤੋਂ ਸੰਗਰੂਰ ਰੇਲਵੇ ਸਟੇਸ਼ਨ 'ਤੇ ਕੁੱਝ ਨੌਜਵਾਨਾਂ ਨੇ ਗਹਿਣਿਆਂ ਵਾਲਾ ਬੈਗ ਖੋਹ ਲਿਆ ਤੇ ਉਹ ਇਕ ਕਾਰ ਰਾਹੀਂ ਬਠਿੰਡਾ ਵੱਲ ਆ ਗਏ। ਬਠਿੰਡਾ ਪੁਲਸ ਨੇ ਤੁਰੰਤ ਚੌਕਸੀ ਵਧਾ ਦਿੱਤੀ ਅਤੇ ਸੂਚਨਾਕਾਰ ਵੱਲੋਂ ਦੱਸੇ ਨੰਬਰ ਵਾਲੀ ਗੱਡੀ ਜਦ ਬੀਬੀਵਾਲਾ ਚੌਕ ਵਿੱਚ ਪਹੁੰਚੀ ਤਾਂ ਉਸ ਨੂੰ ਘੇਰਾ ਪਾ ਲਿਆ ਗਿਆ। ਕਾਰ ਵਿੱਚ ਸਵਾਰ ਚਾਰ 'ਚੋਂ ਦੋ ਨੌਜਵਾਨਾਂ ਨੇ ਪੁਲਸ ਵਰਦੀ ਪਾਈ ਹੋਈ ਸੀ। ਇਹਨਾਂ ਲੁਟੇਰਿਆਂ ਨੇ ਪੁਲਸ ਕਰਮਚਾਰੀਆਂ ਨਾਲ ਹੱਥੋਪਾਈ ਕੀਤੀ, ਪਰ ਗਹਿਣਿਆਂ ਵਾਲਾ ਬੈਗ ਸੁੱਟ ਕੇ ਫਰਾਰ ਹੋ ਗਏ। ਪੁਲਸ ਨੇ ਬੈਗ ਕਬਜ਼ੇ ਵਿੱਚ ਲੈ ਲਿਆ, ਜਿਸ ਵਿੱਚ 3 ਕਿਲੋ 765 ਗ੍ਰਾਮ ਸੋਨਾ ਸੀ, ਇਹਨਾਂ ਗਹਿਣਿਆਂ ਦੀ ਕੀਮਤ ਇੱਕ ਕਰੋੜ 75 ਲੱਖ ਰੁਪਏ ਬਣਦੀ ਹੈ। ਪੁਲਸ ਨੇ ਥਾਣਾ ਸਿਵਲ ਲਾਈਨ ਵਿਖੇ ਮੁਕੱਦਮਾ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ, ਲੁਟੇਰਿਆਂ ਦੀ ਭਾਲ ਜਾਰੀ ਹੈ।

ਐੱਸ ਐੱਸ ਪੀ ਨੇ ਦੱਸਿਆ ਕਿ ਸ਼ਹਿਰ ਵਿੱਚ ਮਾੜੀਆਂ ਘਟਨਾਵਾਂ ਰੋਕਣ ਲਈ ਗਲਤ ਅਨਸਰਾਂ ਨੂੰ ਕਾਬੂ ਕਰਨ ਲਈ ਟੀਮਾਂ ਬਣਾਈਆਂ ਗਈਆਂ ਹਨ। ਇੱਕ ਟੀਮ ਨੂੰ ਸਥਾਨਕ ਗਰੋਥ ਸੈਂਟਰ ਵਿਖੇ ਸ਼ੱਕੀ ਮੋਟਰ ਸਾਈਕਲ ਸਵਾਰ ਵਿਖਾਈ ਦਿੱਤੇ, ਜਦ ਉਹਨਾਂ ਨੂੰ ਰੋਕਣਾ ਚਾਹਿਆ ਤਾਂ ਉਹਨਾਂ ਪੁਲਸ ਪਾਰਟੀ 'ਤੇ ਫਾਇਰ ਕਰ ਦਿੱਤੇ। ਪੁਲਸ ਦੀ ਜਵਾਬੀ ਫਾਇਰਿੰਗ ਵਿੱਚ ਉਹਨਾਂ 'ਚੋਂ ਇੱਕ ਨੌਜਵਾਨ ਪਰਮਿੰਦਰ ਸਿੰਘ ਉਰਫ ਵਾਲੀਆ ਜ਼ਖ਼ਮੀ ਹੋ ਗਿਆ ਤੇ ਦੂਜਾ ਅਮਰਜੀਤ ਸਿੰਘ ਫਰਾਰ ਹੋ ਗਿਆ। ਜ਼ਖ਼ਮੀ ਨੂੰ ਸਿਵਲ ਹਸਪਤਾਲ ਵਿੱਚ ਇਲਾਜ ਲਈ ਦਾਖ਼ਲ ਕਰਵਾਇਆ ਗਿਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਗਿੱਲ ਨੇ ਵਿਦੇਸ਼ਾਂ ਵਿੱਚ ਬੈਠੇ ਕੁੱਝ ਦਹਿਸ਼ਤਗਰਦ ਪੰਜਾਬ ਦੇ ਨੌਜਵਾਨਾਂ ਨੂੰ ਵਧੀਆ ਹਥਿਆਰ ਵਿਖਾ

● ਬਾਕੀ ਸਫ਼ਾ 2 'ਤੇ

ਲਾਹੌਰ 'ਚ ਸਿੱਖ ਪਰਵਾਰ ਨੂੰ ਲੁੱਟਣ ਵਾਲਿਆਂ ਦਾ ਸਰਗਨਾ ਗ੍ਰਿਫ਼ਤਾਰ

ਲਾਹੌਰ : ਪੁਲਸ ਦੇ ਭੇਸ 'ਚ ਲਾਹੌਰ ਦੇ ਬਾਜ਼ਾਰ 'ਚ ਸਿੱਖ ਯਾਤਰੀਆਂ ਨੂੰ ਲੁੱਟਣ ਵਾਲਿਆਂ ਦੇ ਸਰਗਨਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਲੁਟੇਰੇ ਭਾਰਤੀ ਸਿੱਖ ਪਰਵਾਰ ਤੋਂ 250,000 ਭਾਰਤੀ ਰੁਪਏ, 150,000 ਪਾਕਿਸਤਾਨੀ ਰੁਪਏ ਤੇ ਗਹਿਣੇ ਲੁੱਟ ਕੇ ਫਰਾਰ ਹੋ ਗਏ ਸਨ। ਕੰਵਲ ਜੀਤ ਸਿੰਘ ਅਤੇ ਉਨ੍ਹਾ ਦੇ ਪਰਵਾਰਕ ਮੈਂਬਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ 'ਚ ਸ਼ਾਮਲ ਹੋਣ ਲਈ ਪੁੱਜੇ ਸਨ। ਉਹ 29 ਨਵੰਬਰ ਨੂੰ ਲਾਹੌਰ ਦੇ ਗੁਲਬਰਗ ਇਲਾਕੇ ਦੀ ਲਿਬਰਟੀ ਮਾਰਕੀਟ 'ਚ ਖਰੀਦਦਾਰੀ ਕਰਨ ਗਏ ਸੀ, ਜਦੋਂ ਸੁਰੱਖਿਆ ਕਲੀਅਰੈਂਸ ਦੇ ਨਾਂਅ 'ਤੇ ਪੁਲਸ ਦੇ ਭੇਸ 'ਚ ਆਏ ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਗਹਿਣਿਆਂ ਤੋਂ ਇਲਾਵਾ 250,000 ਭਾਰਤੀ ਰੁਪਏ ਅਤੇ 150,000 ਪਾਕਿਸਤਾਨੀ ਕਰੰਸੀ ਲੁੱਟ ਲਈ। ਪੁਲਸ ਨੇ ਦੱਸਿਆ ਕਿ ਗਰੋਹ ਦੇ ਸਰਗਨਾ ਅਹਿਮਦ ਰਜ਼ਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਹੋਰਨਾਂ ਦੀ ਗ੍ਰਿਫ਼ਤਾਰੀ ਲਈ ਵੀ ਛਾਪੇ ਜਾਰੀ ਹਨ। ਪੰਜਾਬ ਦੇ ਨਿਗਰਾਨ ਮੁੱਖ ਮੰਤਰੀ ਮੋਹਸਿਨ ਨਕਵੀ ਨੇ ਇਸ ਘਟਨਾ ਤੋਂ ਨਾਰਾਜ਼ ਹੁੰਦਿਆਂ ਲਾਹੌਰ ਪੁਲਸ ਮੁਖੀ ਤੋਂ ਰਿਪੋਰਟ ਮੰਗੀ ਸੀ।

ਸੜਕ ਹਾਦਸਿਆਂ ਦੇ ਪੀੜਤਾਂ ਲਈ ਦੇਸ਼-ਭਰ 'ਚ ਕੈਸ਼ਲੈੱਸ ਇਲਾਜ ਦੀ ਯੋਜਨਾ

ਨਵੀਂ ਦਿੱਲੀ : ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਤਿੰਨ ਤੋਂ ਚਾਰ ਮਹੀਨਿਆਂ 'ਚ ਦੇਸ਼ ਭਰ 'ਚ ਸੜਕ ਦੁਰਘਟਨਾ ਦੇ ਪੀੜਤਾਂ ਲਈ ਕੈਸ਼ਲੈੱਸ ਇਲਾਜ ਦੀ ਸਹੂਲਤ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਵਿਭਾਗ ਦੇ ਸਕੱਤਰ ਅਨੁਰਾਗ ਜੈਨ ਨੇ ਇੰਸਟੀਚਿਊਟ ਆਫ ਰੋਡ ਟ੍ਰੈਫਿਕ ਐਜੂਕੇਸ਼ਨ ਵੱਲੋਂ ਕਰਵਾਏ ਸਮਾਗਮ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਭਾਰਤ 'ਚ ਦੁਨੀਆ 'ਚ ਸੜਕ ਦੁਰਘਟਨਾਵਾਂ 'ਚ ਸਭ ਤੋਂ ਵੱਧ ਮੌਤਾਂ ਹੁੰਦੀਆਂ ਹਨ। ਹਾਦਸੇ 'ਚ ਜ਼ਖਮੀ ਹੋਏ ਪੀੜਤਾਂ ਲਈ ਮੁਫਤ ਅਤੇ ਕੈਸ਼ਲੈੱਸ ਡਾਕਟਰੀ ਇਲਾਜ ਸੋਧੇ ਹੋਏ ਮੋਟਰ ਵਹੀਕਲ ਐਕਟ 2019 ਦਾ ਹਿੱਸਾ ਹੈ। ਕੁਝ ਰਾਜਾਂ ਨੇ ਇਸ ਨੂੰ ਲਾਗੂ ਕੀਤਾ ਹੈ ਪਰ ਹੁਣ ਸੜਕ ਮੰਤਰਾਲਾ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨਾਲ ਮਿਲ ਕੇ ਇਸ ਨੂੰ ਦੇਸ਼ ਭਰ 'ਚ ਪੂਰੀ ਤਰ੍ਹਾਂ ਲਾਗੂ ਕਰੇਗਾ। ਉਨ੍ਹਾ ਕਿਹਾ ਕਿ ਇਹ ਸਹੂਲਤ ਤਿੰਨ ਤੋਂ ਚਾਰ ਮਹੀਨਿਆਂ 'ਚ ਸ਼ੁਰੂ ਕਰ ਦਿੱਤੀ ਜਾਵੇਗੀ।

ਪਾਕਿਸਤਾਨੀ ਦੁਲਹਨ ਅੱਜ ਵਾਹਗਾ ਰਾਹੀਂ ਪੰਜਾਬ ਪੁੱਜੇਗੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)

ਭਾਰਤ ਸਰਕਾਰ ਨੇ ਕਰਾਚੀ ਦੀ ਰਹਿਣ ਵਾਲੀ 21 ਸਾਲਾ ਜ਼ਾਵੇਰਿਆ ਖ਼ਾਨਮ ਪੁੱਤਰੀ ਅਜ਼ਮਤ ਇਸਮਾਈਲ ਖ਼ਾਂ ਨੂੰ ਭਾਰਤ ਦਾ 45 ਦਿਨਾਂ ਦਾ ਵੀਜ਼ਾ ਦੇ ਦਿੱਤਾ ਹੈ। ਉਹ ਮੰਗਲਵਾਰ ਸਵੇਰੇ ਵਾਹਗਾ ਸਰਹੱਦ ਰਾਹੀਂ ਭਾਰਤ 'ਚ ਦਾਖ਼ਲ ਹੋਵੇਗੀ। ਜਿੱਥੇ ਉਸ ਦੇ ਮੰਗੇਤਰ ਸਮੀਰ ਖ਼ਾਂ ਅਤੇ ਹੋਣ ਵਾਲੇ ਸਸੁਰ ਅਹਿਮਦ ਕਮਾਲ ਖ਼ਾਂ ਯੁਸੁਫ਼ਜ਼ਈ ਸਵਾਗਤ ਕਰਨਗੇ। ਸਮੀਰ ਖ਼ਾਂ ਅਤੇ ਉਸ ਦੇ ਪਿਤਾ ਯੁਸੁਫ਼ਜ਼ਈ ਨੇ ਦੱਸਿਆ ਕਿ ਉਹ ਕੋਲਕਾਤਾ ਤੋਂ ਇਥੇ ਪਹੁੰਚੇ ਹਨ। ਉਨ੍ਹਾਂ ਦੱਸਿਆ ਕਿ ਵਾਹਗਾ ਬਾਰਡਰ ਤੋਂ ਉਹ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਏਅਰਪੋਰਟ ਤੋਂ ਕੋਲਕਾਤਾ ਦੀ ਫ਼ਲਾਈਟ ਲੈਣਗੇ। ਕੁਝ ਦਿਨਾਂ ਵਿੱਚ ਹੀ

5-DEC-PAGE-1.qxd 12/4/2023 10:27 PM Page 2

ਸੁਭਾਸ਼ ਮੰਡੀ ਵਿਖੇ ਵਿਸ਼ਾਲ ਜਾਗਰਣ 9 ਨੂੰ

ਬਾਘਾ ਪੁਰਾਣਾ (ਮਨੀ ਸਿੰਗਲਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹਿਰ ਦੀ ਧਾਰਮਿਕ ਸੰਸਥਾ ਸ੍ਰੀ ਸਾਲਾਸਰ ਸੇਵਾ ਮੰਡਲ ਵੱਲੋਂ 17ਵਾਂ ਵਿਸ਼ਾਲ ਬਾਲਾ ਜੀ ਦਾ ਜਾਗਰਣ 9 ਦਸੰਬਰ ਨੂੰ ਸੁਭਾਸ਼ ਮੰਡੀ ਨਿਹਾਲ ਸਿੰਘ ਵਾਲਾ ਰੋਡ ਵਿਖੇ ਬੜੀ ਧੂਮ-ਧਾਮ ਤੇ ਸ਼ਰਧਾ ਦੇ ਨਾਲ ਕਰਾਇਆ ਜਾ ਰਿਹਾ ਹੈ, ਜਿਸ ਦੇ ਸਬੰਧ ਵਿੱਚ ਮੰਡਲ ਵੱਲੋਂ ਸੱਦਾ ਪੱਤਰ ਦੇ ਕਾਰਡ ਜਾਰੀ ਕੀਤੇ ਗਏ। ਮੰਡਲ ਦੇ ਪ੍ਰਧਾਨ ਵਿਜੇ ਗੁਪਤਾ, ਯੋਗੇਸ਼ ਜਿੰਦਲ, ਆਸ਼ੂਤੋਸ਼ ਭੰਡਾਰੀ, ਐਡਵੋਕੇਟ ਅਮਿਤ ਗੋਇਲ, ਗੌਰਵ ਖੁਰਾਣਾ ਤੇ ਰਮਨ ਕੁਮਾਰ ਗਰਗ ਨੇ ਦੱਸਿਆ ਕਿ ਜਾਗਰਣ ਲਈ ਸ਼ਾਨਦਾਰ ਪੰਡਾਲ, ਸਟੇਜ, ਬਾਲਾ ਜੀ ਦੇ ਭਵਨ ਦੀ ਵਿਸ਼ੇਸ਼ ਸਜਾਵਟ ਕਰਨ ਤੋਂ ਇਲਾਵਾ ਭਗਤਾਂ ਦੇ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਪ੍ਰਸਿੱਧ ਧਾਰਮਿਕ ਗਾਇਕ ਸ਼ੀਤਲ ਪਾਂਡੇ ਦਿੱਲੀ ਵਾਲੇ ਅਤੇ ਪਰਥਿੰਦਰ ਪਲਕ ਭਗਤਾਂ ਨੂੰ ਭਜਨਾਂ ਰਾਹੀ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਮੰਡਲ ਵੱਲੋਂ 8 ਦਸੰਬਰ ਨੂੰ ਬਾਲਾ ਜੀ ਦੀ ਪਾਵਨ ਜੋਤ ਸ੍ਰੀ ਸਾਲਾਸਰ ਧਾਮ ਤੋਂ ਆ ਰਹੀ ਹੈ, ਜਿਸ ਦਾ ਸਹਿਰ ਵਾਸੀਆਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਟੋਨੀ ਗੋਇਲ, ਦਲੀਪ ਕੁਮਾਰ, ਅਨਮੋਲ ਠੁਕਰਾਲ, ਕਮਲ ਕਿਸ਼ੋਰ, ਸਾਹਿਲ ਅਰੋੜਾ, ਰਮਨ ਗਰਗ, ਸਤੀਸ਼ ਕੁਮਾਰ, ਸੂਰਜ ਪ੍ਰਕਾਸ਼, ਰਾਜ ਕਟਾਰੀਆ, ਰਾਹੁਲ ਸ਼ਾਹੀ, ਮੁਕੇਸ਼, ਭਾਰਤ ਭੂਸ਼ਨ ਤੇ ਹੋਰ ਹਾਜ਼ਰ ਸਨ।

ਅੰਤਰ ਕਾਲਜ ਵਾਲੀਬਾਲ ਮੁਕਾਬਲੇ ਕਰਾਏ

ਸਮਾਣਾ (ਪੱਤਰ ਪ੍ਰੇਰਕ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਅਕਾਲ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ, ਜ਼ਿਲ੍ਹਾ ਸੰਗਰੂਰ ਵਿਖੇ ਅੰਤਰ ਕਾਲਜ ਵਾਲੀਬਾਲ ਮੁਕਾਬਲੇ (ਪੁਰਸ਼) ਕਰਾਏ ਗਏ। ਉਕਤ ਮੁਕਾਬਲਿਆਂ ਵਿੱਚ ਪਬਲਿਕ ਕਾਲਜ ਦੀ ਵਾਲੀਬਾਲ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਤੀਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਕਾਲਜ ਦੇ ਪ੍ਰਿੰਸੀਪਲ ਜਤਿੰਦਰ ਦੇਵ ਤੇ ਸਮੂਹ ਸਟਾਫ਼ ਵੱਲੋਂ ਜੇਤੂ ਵਿਦਿਆਰਥੀਆਂ ਦੇ ਕਾਲਜ ਪਹੁੰਚਣ 'ਤੇ ਸੁਆਗਤ ਕੀਤਾ ਗਿਆ।

ਸਲਾਈਟ 'ਚ ਮਨਾਇਆ ਜਸ਼ਨ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਲਾਈਟ ਨੇ ਹਾਲ ਹੀ ਵਿੱਚ ਜੀਵੰਤ ਸਿਲਵਰ ਜੁਬਲੀ ਦੇ ਨਾਲ ਚਮਕੀਲਾ, ਅਕਾਦਮਿਕ ਚਮਕਦੇ ਸਾਲਾਂ ਦਾ ਜਸ਼ਨ ਮਨਾਇਆ। ਸਾਬਕਾ ਤੇ ਮੌਜੂਦਾ ਵਿਦਿਆਰਥੀ, ਫੈਕਲਟੀ ਤੇ ਸਟਾਫ ਇੱਕ ਸ਼ਾਨਦਾਰ ਸਮਾਰੋਹ ਲਈ ਇੱਕ ਉਤੇਜਕ ਮਾਹੌਲ ਵਿੱਚ ਇਕੱਠੇ ਹੋਏ, ਜਿਸ ਵਿੱਚ ਸਾਬਕਾ ਵਿਦਿਆਰਥੀਆਂ ਦੇ ਭਾਸ਼ਣਾਂ ਦੀ ਵਿਸ਼ੇਸ਼ਤਾ ਹੈ, ਪਰਿਵਰਤਨਸ਼ੀਲ ਕਹਾਣੀਆਂ ਨੂੰ ਸਾਂਝਾ ਕੀਤਾ ਗਿਆ। ਸੱਭਿਆਚਾਰਕ ਪ੍ਰਦਰਸ਼ਨਾਂ ਨੇ ਸਲਾਈਟ ਦੀਆਂ ਕੰਧਾਂ ਦੇ ਅੰਦਰ ਪਾਲੀ ਹੋਈ ਵਿਭਿੰਨ ਪ੍ਰਤਿਭਾਵਾਂ ਦਾ ਪ੍ਰਦਰਸ਼ਨ ਕੀਤਾ। ਇਹ ਤਿਉਹਾਰ 2 ਦਸੰਬਰ ਨੂੰ ਵੱਖ-ਵੱਖ ਬੈਚਾਂ ਦੇ ਗ੍ਰੈਜੂਏਟਾਂ ਨੂੰ ਇਕਜੁਟ ਕਰਦੇ ਹੋਏ ਅਲੂਮਨੀ ਮੀਟ ਦੇ ਨਾਲ ਜਾਰੀ ਰਿਹਾ। ਇਸ ਇਵੈਂਟ ਨੇ ਨੈਟਵਰਕਿੰਗ ਤੇ ਗਿਆਨ ਦੇ ਆਦਾਨ-ਪ੍ਰਦਾਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ, ਜੋ ਸਲਾਈਟ ਭਾਈਚਾਰੇ ਦੀ ਸਥਾਈ ਭਾਵਨਾ ਦਾ ਪ੍ਰਤੀਕ ਹੈ। ਸਾਬਕਾ ਵਿਦਿਆਰਥੀਆਂ ਨੇ ਮੌਜੂਦਾ ਵਿਦਿਆਰਥੀਆਂ ਨੂੰ ਪ੍ਰੇਰਣਾ ਦਿੰਦੇ ਹੋਏ ਪੇਸ਼ੇਵਰ ਸਮਝ ਸਾਂਝੀ ਕੀਤੀ। ਜਸ਼ਨ ਸਲਾਈਟ ਦੀ ਵਿਰਾਸਤ ਨੂੰ ਅੱਗੇ ਵਧਾਉਣ ਦੀ ਵਚਨਬੱਧਤਾ ਨਾਲ ਸਮਾਪਤ ਹੋਇਆ। ਇਹ ਯਾਦਗਾਰੀ ਦਿਨ ਸਿਰਫ਼ ਅਤੀਤ ਨੂੰ ਪ੍ਰਤੀਬਿੰਬਤ ਕਰਨ ਲਈ ਨਹੀਂ ਸਨ, ਸਗੋਂ ਇੱਕ ਅਜਿਹੇ ਭਵਿੱਖ ਦੀ ਕਲਪਨਾ ਕਰਨ ਲਈ ਸਨ, ਜਿੱਥੇ ਸਲਾਈਟ ਦਾ ਪ੍ਰਭਾਵ ਗੂੰਜਦਾ ਹੈ।

ਖਿਡਾਰੀਆਂ ਦੀ ਪਰਖ ਕਰਨ ਲਈ ਕੈਂਪ ਦਾ ਆਯੋਜਨ

ਜਲਾਲਾਬਾਦ (ਜੀਤ ਕੁਮਾਰ)-ਸਕੂਲ ਆਫ਼ ਐਮੀਨੈਂਸ ਵਿਖੇ ਜ਼ਿਲ੍ਹਾ ਕਬੱਡੀ ਕਮੇਟੀ ਦੇ ਸਕੱਤਰ ਮਾਸਟਰ ਚਰਨ ਸਿੰਘ ਡੀਪੀ ਦੀ ਅਗਵਾਈ ਹੇਠ ਅੰਡਰ-20 ਦੇ ਨੈਸ਼ਨਲ ਸਟਾਈਲ ਕਬੱਡੀ ਲੜਕੇ ਤੇ ਲੜਕੀਆਂ ਦੀ ਰਾਜ ਪੱਧਰੀ ਟੀਮ ਦੇ ਖਿਡਾਰੀਆਂ ਦੀ ਪਰਖ ਕਰਨ ਲਈ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਸਕੂਲਾਂ ਤੋਂ 60 ਚੋਟੀ ਦੇ ਖਿਡਾਰੀਆਂ ਨੇ ਭਾਗ ਲਿਆ। ਇਹ ਪਰਖ ਕਬੱਡੀ ਕੋਚ ਨਰਿੰਦਰ ਸਿੰਘ, ਮਦਨ ਲਾਲ ਅਤੇ ਚੰਦਰ ਭਾਨ ਦੇ ਵਿਸ਼ੇਸ਼ ਸਹਿਯੋਗ ਨਾਲ ਮੁਕੰਮਲ ਕੀਤੀ ਗਈ। ਇਸ ਮੌਕੇ ਖਿਡਾਰੀਆਂ ਦਾ ਹੌਸਲਾ ਵਧਾਉਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਟੇਟ ਅਵਾਰਡੀ ਅਧਿਆਪਕ ਪ੍ਰਭਦੀਪ ਸਿੰਘ ਗੁੰਬਰ, ਰਾਜਨ ਨਾਗਪਾਲ, ਸ਼ਤੀਸ਼, ਸਰਪੰਚ ਗੌਰਵ ਅਤੇ ਸੁਰੇਸ਼ ਕੁਮਾਰ ਨੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਰਸਮੀ ਤੌਰ 'ਤੇ ਪਰਖ ਸ਼ੁਰੂ ਕਰਾਈ।

'ਜਲ ਜੀਵਨ ਮਿਸ਼ਨ' ਤਹਿਤ ਜ਼ਿਲ੍ਹੇ ਅੰਦਰ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲੇ : ਸ਼ੌਕਤ ਅਹਿਮਦ ਪਰੇ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਜਲ ਜੀਵਨ ਮਿਸ਼ਨ ਤਹਿਤ ਜ਼ਿਲ੍ਹੇ ਅੰਦਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ ਹਰ ਸੰਭਵ ਯਤਨ ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ "ਜਲ ਜੀਵਨ ਮਿਸ਼ਨ ਤਹਿਤ" ਕੇਂਦਰੀ 2 ਮੈਂਬਰੀ ਟੀਮ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਲਵਜੀਤ ਕਲਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਇਸ ਮੌਕੇ ਨੈਸ਼ਨਲ ਵਾਸ਼ ਐਕਸਪਰਟ ਸ਼ੀਸ਼ ਪਾਲ ਸੇਠੀ ਤੇ ਪ੍ਰਕਾਸ਼ ਚੰਦਰ ਸਮਰ ਦੀ ਅਗਵਾਈ ਵਾਲੀ 2 ਮੈਂਬਰੀ ਟੀਮ ਦੇ ਅਧਿਕਾਰੀਆਂ ਨੇ ਜ਼ਿਲ੍ਹੇ ਦੇ ਦੋ ਰੋਜ਼ਾ ਦੌਰੇ ਦੌਰਾਨ "ਜਲ ਜੀਵਨ ਮਿਸ਼ਨ ਤਹਿਤ" ਜਲ ਸਪਲਾਈ ਵਿਭਾਗ ਵਲੋਂ ਕੀਤੇ ਜਾ ਰਹੇ ਕਾਰਜਾਂ 'ਤੇ ਤਸੱਲੀ ਪ੍ਰਗਟ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਡਿਪਟੀ ਕਮਿਸ਼ਨਰ ਦੇ ਧਿਆਨ 'ਚ ਲਿਆਂਦਾ ਕਿ ਜ਼ਿਲ੍ਹੇ ਦੇ ਕੁਝ ਪਿੰਡਾਂ ਵਿੱਚ ਫ਼ਿਰਨੀ ਤੇ ਛੱਪੜਾਂ ਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਆ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਗੰਦੇ ਪਾਣੀ ਨਿਕਾਸੀ ਦਾ ਤੁਰੰਤ ਹੱਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਕਾਰਜਕਾਰੀ ਇੰਜੀਨੀਅਰ ਅਮਿਤ ਕੁਮਾਰ, ਕਾਰਜਕਾਰੀ ਇੰਜੀਨੀਅਰ ਮਨਪ੍ਰੀਤ ਸਿੰਘ ਅਰਸ਼ੀ, ਜਲ ਸਪਲਾਈ ਵਿਭਾਗ ਦੇ ਐਸ ਡੀ ਓ ਜਗਦੀਪ ਸਿੰਘ ਸਰਾਂ ਆਦਿ ਅਧਿਕਾਰੀ ਹਾਜ਼ਰ ਸਨ।

ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਤਿਆਰੀ ਮੀਟਿੰਗ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਸੀ ਪੀ ਆਈ ਐੱਮ ਵੱਲੋਂ ਲੋਕ ਮਸਲਿਆਂ ਨੂੰ ਲੈ ਕੇ 1 ਦਸੰਬਰ ਤੋਂ 15 ਦਸੰਬਰ ਤੱਕ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਦਸਤਖਤ ਮੁਹਿੰਮ ਸ਼ੁਰੂ ਕੀਤੀ ਗਈ ਹੈ ਤੇ 13 ਦਸੰਬਰ ਨੂੰ ਮੁਕਤਸਰ ਵਿਖੇ ਪਹੁੰਚ ਰਹੇ ਜਥਾ ਮਾਰਚ ਦੇ ਸਵਾਗਤ ਲਈ ਇਕੱਠੇ ਹੋ ਕੇ ਤਿਆਰੀ ਕੀਤੀ ਤੇ ਸਾਥੀਆਂ ਨੇ ਵੱਧ-ਚੜ੍ਹ ਕੇ ਸਾਮਲ ਹੋਣ ਦਾ ਅਹਿਦ ਕੀਤਾ। ਇਸ ਮੌਕੇ ਜ਼ਿਲ੍ਹਾ ਸਕੱਤਰ ਮੇਜਰ ਸਿੰਘ ਸੀਰਵਾਲੀ, ਕਾਮਰੇਡ ਤਰਸੇਮ ਲਾਲ, ਮਲਕੀਤ ਸਿੰਘ, ਇੰਦਰਜੀਤ ਸਿੰਘ ਫੱਤਣਵਾਲਾ, ਸੁਖਦੇਵ ਸਿੰਘ, ਬਲਵੀਰ ਸਿੰਘ, ਤੋਤਾ ਸਿੰਘ, ਚੜ੍ਹਤਾ ਸਿੰਘ ਰੁਪਾਣਾ, ਤੋਤਾ ਸਿੰਘ ਚੱਕ ਸ਼ੇਰੇਵਾਲਾ, ਕਰਮਜੀਤ ਕੌਰ, ਪਰਮਜੀਤ ਕੌਰ ਲੱਕੜਵਾਲਾ ਆਦਿ ਹਾਜ਼ਰ ਸਨ।

ਸਰਕਾਰ ਨਸ਼ਿਆਂ ਦੇ ਖਾਤਮੇ ਲਈ ਕਰ ਰਹੀ ਹਰ ਸੰਭਵ ਯਤਨ : ਖੁੱਡੀਆਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)

ਭਗਵੰਤ ਸਿੰਘ ਮਾਨ ਮੁੱਖ ਮੰਤਰੀ ਤੇ ਸ੍ਰੀ ਗੌਰਵ ਯਾਦਵ ਡੀ.ਜੀ.ਪੀ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਐਸ.ਐਸ.ਪੀ ਵੱਲੋਂ ਪੁਲਸ ਦੀਆਂ ਅਲੱਗ-ਅਲੱਗ ਟੁਕੜੀਆਂ ਬਣਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗਾ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸੇ ਤਹਿਤ ਪੁਲਸ ਵਿਭਾਗ ਵੱਲੋਂ ਇੱਕ ਵਿਸ਼ਾਲ ਪੈਦਲ ਮਾਰਚ ਅਤੇ ਸਾਇਕਲ ਰੈਲੀ ਆਯੋਜਤ ਕੀਤੀ ਗਈ।

ਇਸ ਮੌਕੇ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਪੰਜਾਬ, ਜਗਦੀਪ ਸਿੰਘ ਕਾਕਾ ਬਰਾੜ, ਸ੍ਰੀ ਰਾਜ ਕੁਮਾਰ ਜ਼ਿਲ੍ਹਾ ਅਤੇ ਸੈਸ਼ਨ ਜੱਜ ਡਿਪਟੀ ਕਮਿਸ਼ਨਰ, ਡਾ. ਰੂਹੀ ਦੁੱਗ ਡਿਪਟੀ ਕਮਿਸ਼ਨਰ, ਸ੍ਰੀ ਭਾਗੀਰਥ ਮੀਨਾ ਐਸ.ਐਸ.ਪੀ, ਸ੍ਰੀ ਕੁਲਵੰਤ ਰਾਏ ਐਸ.ਪੀ, ਪ੍ਰਿਤਪਾਲ ਸ਼ਰਮਾ ਚੇਅਰਮੈਨ ਮਾਰਕੀਟ ਕਮੇਟੀ ਗਿੱਦੜਬਾਹਾ ਨੇ ਸਾਂਝੇ ਤੌਰ 'ਤੇ ਸਾਈਕਲ ਰੈਲੀ ਅਤੇ ਪੈਦਲ ਮਾਰਚ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸ੍ਰੀਮਤੀ ਅਨਵਿੰਦਰਵੀਰ ਕੌਰ ਜ਼ਿਲ੍ਹਾ ਸਪੋਰਟਸ ਅਫ਼ਸਰ, ਸ੍ਰੀ ਸੰਜੀਵ ਗੋਇਲ ਡੀ.ਐਸ.ਪੀ, ਸਤਨਾਮ ਸਿੰਘ ਡੀ.ਐਸ.ਪੀ, ਜਸਬੀਰ ਸਿੰਘ ਡੀ.ਐਸ.ਪੀ, ਫ਼ਤਿਹ ਸਿੰਘ ਬਰਾੜ ਡੀ.ਐਸ.ਪੀ, ਜਸਪਾਲ ਸਿੰਘ ਡੀ.ਐਸ.ਪੀ ਸਮੂਹ ਮੁੱਖ ਅਫਸਰ ਥਾਣਾ ਤੋਂ ਇਲਾਵਾ ਪਿੰਡਾਂ ਦੀਆਂ ਨਸ਼ਿਆਂ ਵਿਰੋਧੀ ਕਮੇਟੀਆਂ, ਸਕੂਲੀ ਬੱਚਿਆਂ ਸਮੇਤ ਤਕਰੀਬਨ 1500 ਦੇ ਕਰੀਬ ਲੋਕਾਂ ਨੇ ਇਸ ਪੈਦਲ ਮਾਰਚ ਅਤੇ ਸਾਇਕਲ ਰੈਲੀ ਵਿੱਚ ਹਿੱਸਾ ਲਿਆ। ਇਹ ਪੈਦਲ ਮਾਰਚ ਅਤੇ ਸਾਇਕਲ ਰੈਲੀ ਰੈੱਡ ਕਰਾਸ ਭਵਨ ਤੋਂ ਸ਼ੁਰੂ ਹੋਈ ਅਤੇ ਪੈਦਲ ਮਾਰਚ ਬਠਿੰਡਾ ਰੋਡ ਤੋਂ ਹੁੰਦੇ ਹੋਏ ਪੁਲਿਸ ਲਾਈਨ ਪਹੁੰਚੀ ਅਤੇ ਸਾਇਕਲ ਰੈਲੀ ਅਲੱਗ-ਅਲੱਗ ਪਿੰਡਾਂ ਵਿੱਚੋਂ ਹੁੰਦੀ ਹੋਈ ਪੁਲਿਸ ਲਾਈਨ ਵਿਖੇ ਸਮਾਪਤ ਹੋਈ। ਇਸ ਰੈਲੀ ਵਿੱਚ ਸਾਰਿਆਂ ਵੱਲੋਂ ਹੱਥਾਂ ਵਿੱਚ ਤਖਤੀਆਂ ਫੜ ਕੇ ਨਸ਼ਿਆਂ ਤੋਂ ਦੂਰ ਰਹਿ ਕੇ ਵਧੀਆ ਜੀਵਨ ਜੀਣ ਬਾਰੇ ਜਾਗਰੂਕ ਕੀਤਾ ਗਿਆ। ਉਪਰੰਤ ਨਸ਼ਿਆਂ ਵਿਰੋਧੀ ਸੈਮੀਨਾਰ ਪੁਲਿਸ ਲਾਈਨ ਵਿਖੇ ਆਯੋਜਤ ਕੀਤਾ ਗਿਆ, ਜਿੱਥੇ ਸਾਰੇ ਮੁਕਾਬਲਾ ਕਰਨ ਵਾਲੇ ਵਿਦਿਆਰਥੀਆਂ ਆਮ ਲੋਕਾਂ ਨੂੰ ਰਿਫਰੈਸਮੈਂਟ ਦਿੱਤੀ ਗਈ। ਉਪਰੰਤ ਅਲੱਗ-ਅਲੱਗ ਸਕੂਲਾਂ ਦੇ ਬੱਚਿਆਂ ਵੱਲੋਂ ਨਸ਼ਿਆਂ ਵਿਰੋਧੀ ਨਾਟਕ ਪੇਸ਼ ਕੀਤੇ ਗਏ। ਏ.ਐਸ.ਆਈ ਗੁਰਦੇਵ ਸਿੰਘ ਵੱਲੋਂ ਸਟੇਜ ਸੈਕਟਰੀ ਵੱਲੋਂ ਆਪਣੀ ਡਿਊਟੀ ਨਿਭਾਈ ਗਈ ਅਤੇ ਏ.ਐਸ.ਆਈ ਨੈਬ ਸਿੰਘ ਵੱਲੋਂ ਆਪਣੇ ਸਾਥੀ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਗੀਤ ਗਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੇ ਲਈ ਅਪੀਲ ਕੀਤੀ ਗਈ। ਡੀ.ਏ.ਵੀ ਪਬਲਿਕ ਸਕੂਲ ਤੇ ਸਰਕਾਰੀ ਸਕੂਲ ਭੰਗਿਆਣਾ ਦੇ ਵਿਦਿਆਰਥੀਆਂ ਵੱਲੋਂ ਬਹੁਤ ਸੋਹਣਾ ਨਸ਼ਿਆਂ ਵਿਰੁੱਧ ਨਾਟਕ ਪੇਸ਼ ਕੀਤਾ ਗਿਆ। ਇਸ ਮੌਕੇ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਨਸ਼ਿਆਂ ਦੇ ਖਾਤਮੇ ਲਈ ਸਮਾਜ ਦੇ ਹਰ ਇੱਕ ਵਰਗ ਨੂੰ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ।

ਸੀ ਪੀ ਆਈ ਐੱਮ ਦੇ ਸੂਬਾਈ ਜਥੇ ਦਾ ਕੀਤਾ ਜਾਵੇਗਾ ਭਰਵਾਂ ਸਵਾਗਤ

ਮਾਨਸਾ (ਪਮਾਰ)-ਸੀ.ਪੀ.ਆਈ.(ਐਮ) ਵੱਲੋਂ ਪੰਜਾਬ ਦੇ ਭਖਦੇ ਆਰਥਿਕ, ਸਿਆਸੀ ਅਤੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਜਲ੍ਹਿਆਂਵਾਲਾ ਬਾਗ਼ ਤੋਂ ਚੱਲੇ ਜਥੇ ਦਾ 11 ਦਸੰਬਰ ਨੂੰ ਭੀਖੀ ਵਿਖੇ ਪਾਰਟੀ ਦੀ ਜ਼ਿਲ੍ਹਾ ਇਕਾਈ ਵੱਲੋਂ ਸਵੇਰੇ 11 ਵਜੇ ਭਰਵਾਂ ਸਵਾਗਤ ਕਰਕੇ ਪ੍ਰਭਾਵਸ਼ਾਲੀ ਜਲਸਾ ਵੀ ਕੀਤਾ ਜਾਵੇਗਾ। ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਨੇ ਦੱਸਿਆ ਕਿ ਸੂਬਾਈ ਜਥੇ ਦੇ ਸਵਾਗਤ ਸਬੰਧੀ ਡਿਊਟੀਆਂ ਦੀ ਵੰਡ ਵੀ ਕਰ ਦਿੱਤੀ ਗਈ ਹੈ। ਕਾ. ਦਲਿਓ ਨੇ ਦੱਸਿਆ ਕਿ ਇਸ ਸੂਬਾਈ ਜਥੇ ਦੀ ਅਗਵਾਈ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੋਖੋਂ ਤੇ ਹੋਰ ਸੂਬਾਈ ਆਗੂ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਦਾ ਕੇਂਦਰ ਦੀ ਮੋਦੀ ਸਰਕਾਰ ਨਾਲੋਂ ਨੀਤੀਆਂ ਦੇ ਮਾਮਲੇ ਵਿੱਚ ਕੋਈ ਫ਼ਰਕ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਗੁੰਡਾਗਰਦੀ, ਲੁੱਟ ਖੋਹ ਆਦਿ ਘਟਨਾਵਾਂ ਜਿਉਂ ਦੀਆਂ ਤਿਉਂ ਹਨ। ਕਿਰਤੀਆਂ, ਕਿਸਾਨਾਂ, ਮੁਲਾਜ਼ਮਾਂ ਸਮੇਤ ਹਰ ਵਰਗ ਦੇ ਲੋਕ ਸੰਘਰਸ਼ਾਂ ਵਿੱਚ ਕੁੱਦੇ ਹੋਏ ਹਨ ਅਤੇ ਮਾਨ ਸਰਕਾਰ ਪਿਛਲੀਆਂ ਸਰਕਾਰਾਂ ਵਾਂਗ ਸੰਘਰਸ਼ੀ ਆਵਾਜ਼ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀ ਹੈ। ਕਮਿਊਨ

5-DEC-PAGE-3.qxd 12/4/2023 10:39 PM Page 1

ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਖਸਤਾ ਹਾਲਤ ਕਾਰਨ ਰਾਹਗੀਰ ਡਾਢੇ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਤੋਂ ਮੁਕੇਰੀਆਂ ਨੂੰ ਜਾਣ ਵਾਲੀ ਸੜਕ ਦੀ ਖਸਤਾ ਹਾਲਤ ਹੋਣ ਕਾਰਨ ਇਥੋਂ ਦੀ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕ ਵਿਚਕਾਰ ਪਏ ਵੱਡੇ-ਵੱਡੇ ਟੋਏ ਜਿਨ੍ਹਾਂ ਵਿਚੋਂ ਵਾਹਨਾਂ ਦਾ ਲੰਘਣਾ ਬੇਹੱਦ ਔਖਾ ਹੋ ਜਾਂਦਾ ਹੈ ਅਤੇ ਕਈ ਵਾਰ ਵਾਹਨ ਚਾਲਕ ਇਨ੍ਹਾਂ ਟੋਇਆਂ ਵਿਚ ਡਿਗ ਕੇ ਸੱਟਾਂ ਵੀ ਲਗਵਾ ਚੁੱਕੇ ਹਨ। ਇਸ ਪਾਸੇ ਸਬੰਧਿਤ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੇ ਦੱਸਿਆ ਕਿ ਗੁਰਦਾਸਪੁਰ ਤੋਂ ਮੁਕੇਰੀਆਂ ਜਾਣ ਲਈ ਸੜਕ ਦਾ 16 ਕਿੱਲੋਮੀਟਰ ਹਿੱਸੇ ਦੀ ਹਾਲਤ ਕਾਫੀ ਮਾੜੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਪਿਛਲੇ ਦਿਨੀਂ ਦਰਿਆ ਬਿਆਸ ਵਿਚ ਹੜ੍ਹ ਆਉਣ ਕਾਰਨ ਧੁੱਸੀ ਬੰਨ੍ਹ ਟੁੱਟਣ ਕਰਕੇ ਦਰਿਆ ਦਾ ਪਾਣੀ ਦਾਊਵਾਲ ਤੋਂ ਪੁਰਾਣਾ ਸ਼ਾਲਾ ਨਜ਼ਦੀਕ ਸੜਕਾਂ ਉਪਰ ਕੁਝ ਦਿਨ ਫਿਰਦਾ ਰਿਹਾ ਜਿਸ ਕਾਰਨ ਇਸ ਜਗ੍ਹਾ 'ਤੇ ਸੜਕ ਨੂੰ ਕਾਫ਼ੀ ਜਿਆਦਾ ਨੁਕਸਾਨ ਪਹੁੰਚਿਆ। ਉਨ੍ਹਾਂ ਕਿਹਾ ਰੋਜ਼ਾਨਾਂ ਸੈਂਕੜਿਆਂ ਦੀ ਗਿਣਤੀ ਵਿਚ ਵਾਹਨ ਦਿੱਲੀ, ਹਿਮਾਚਲ ਪ੍ਰਦੇਸ਼, ਜਲੰਧਰ, ਲੁਧਿਆਣਾ ਤੋਂ ਇਲਾਵਾ ਹੋਰਨਾਂ ਵੱਡੇ-ਵੱਡੇ ਸ਼ਹਿਰਾਂ ਤੋਂ ਬੱਸ, ਟਰੱਕ ਆਦਿ ਸ੍ਰੀਨਗਰ ਜੰਮੂ ਆਦਿ ਨੂੰ ਆਉਂਦੇ ਜਾਂਦੇ ਹਨ। ਲੋਕਾਂ ਨੇ ਕਿਹਾ ਸਿੰਗਲ ਲਾਈਨ ਵਾਲੀ ਸੜਕ ਹੋਣ ਕਾਰਨ ਇਸ ਸੜਕ 'ਤੇ ਵੱਡੇ ਵਾਹਨਾਂ ਦਾ ਗੁਜ਼ਰਨਾ ਜਿੱਥੇ ਪਹਿਲਾਂ ਹੀ ਮੁਸਕਿਲ ਹੋਇਆ ਪਿਆ ਹੈ ਉਥੇ ਹੀ ਹੁਣ ਸੜਕ ਵਿਚਕਾਰ ਪਏ ਟੋਇਆਂ ਨੇ ਰਾਹਗੀਰ ਲਈ ਇਕ ਹੋਰ ਵੱਡੀ ਮੁਸਕਿਲ ਖੜੀ ਕਰ ਦਿੱਤੀ ਹੈ। ਲੋਕਾਂ ਨੇ ਦੱਸਿਆ ਕਿ ਇਸ ਸੜਕ ਦਾ ਕੁਝ ਹਿੱਸਾ ਮੁਕੇਰੀਆਂ (ਹੁਸ਼ਿਆਰਪੁਰ) ਵਿਚ ਪੈਂਦਾ ਹੈ, ਉਸ ਹਿੱਸੇ ਦੀ ਵਿਭਾਗ ਵਲੋਂ ਮੁਰੰਮਤ ਜਾਰੀ ਹੈ ਅਤੇ ਮਸ਼ੀਨਾਂ ਰਾਹੀਂ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਚੱਲ ਰਿਹਾ ਹੈ। ਲੋਕਾਂ ਨੇ ਕਿਹਾ ਜੇਕਰ ਹੁਸਿਆਰਪੁਰ ਜਿਲ੍ਹੇ ਅੰਦਰ ਪੈਂਦੇ ਇਸ ਸੜਕ ਦੇ ਕੁਝ ਹਿੱਸੇ ਦੀ ਮੁਰੰਮਤ ਹੋ ਰਹੀ ਹੈ ਤਾਂ ਫ਼ਿਰ ਗੁਰਦਾਸਪੁਰ ਜਿਲ੍ਹੇ ਅੰਦਰ ਪੈਂਦੇ ਦਾਊਵਾਲ ਨਾਕੇ ਤੋਂ ਲੈ ਕੇ ਗੁਰਦਾਸਪੁਰ ਤੱਕ ਦੇ ਹਿੱਸੇ ਦੀ ਮੁਰੰਮਤ ਕਿਉਂ ਨਹੀਂ ਕੀਤੀ ਜਾ ਰਹੀ? ਉਨ੍ਹਾਂ ਕਿਹਾ ਸੜਕ ਦੀ ਖਸਤਾ ਹਾਲਤ ਤੋਂ ਇੰਝ ਜਾਪਦਾ ਹੈ ਕਿ ਵਿਭਾਗ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਿਹਾ ਹੈ। ਲੋਕਾਂ ਨੇ ਕਿਹਾ ਕਿ ਭਾਵੇਂ ਮਾਨਯੋਗ ਮੁੱਖ ਮੰਤਰੀ ਪੰਜਾਬ ਵਲੋਂ ਕੇਂਦਰੀ ਮੰਤਰੀ ਕੋਲ ਇਸ ਸੜਕ ਨੂੰ ਚੌੜਾ ਕਰਨ ਦਾ ਮੁੱਦਾ ਉਠਾਇਆ ਗਿਆ ਹੈ ਪਰ ਹਾਲ ਵਿਚ ਇਸ ਸੜਕ ਦੀ ਹਾਲਤ ਮਾੜੀ ਹੋਣ ਕਾਰਨ ਰਾਹਗੀਰ ਕਾਫ਼ੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਮੁਰੰਮਤ ਪਹਿਲ ਦੇ ਆਧਾਰ 'ਤੇ ਕਾਰਵਾਈ ਜਾਵੇ ਤਾਂ ਜੋ ਇਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਿਖੇ ਸਤਸੰਗ ਪ੍ਰੋਗਰਾਮ

ਤਰਨ ਤਾਰਨ (ਪ੍ਰਿਤਪਾਲ ਸਿੰਘ) ਦਿਵਯ ਜਯੋਤੀ ਜਾਗਰਤੀ ਸੰਸਥਾਨ ਦੀ ਸਾਖਾ ਤਰਨ ਤਾਰਨ ਵੱਲੋਂ ਭੰਡਾਰੇ ਦੇ ਰੂਪ ਅੰਦਰ ਸਤਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਦੇ ਅੰਦਰ ਪ੍ਰਵਚਨ ਕਰਦੇ ਹੋਏ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ ਸਾਧਵੀ ਪਰਮਜੀਤ ਭਾਰਤੀ ਨੇ ਕਿਹਾ ਕਿ ਆਪ ਦੇ ਸ਼ੁਭ ਅਸ਼ੁਭ ਵਿਚਾਰਾ, ਚੰਗੀਆਂ ਮਾੜੀਆਂ ਭਾਵਨਾਵਾਂ, ਉੱਚੀਆਂ ਜਾਂ ਨਿਮਨ ਪੱਧਰ ਦੀਆਂ ਕਲਪਨਾਵਾਂ ਅਤੇ ਵਿਚਾਰਾਂ ਦੇ ਪ੍ਰਵਾਹ ਦੁਆਰਾ ਹੀ ਆਪ ਦੇ ਵਿਅਕਤੀਤਵ ਦਾ ਨਿਰਮਾਣ ਹੁੰਦਾ ਹੈ। ਆਪ ਦੀ ਸੋਚ ਵਿਚਾਰ ਅਤੇ ਕਲਪਨਾ ਹੀ ਇਸ ਦੀ ਨੀਂਹ ਹੈ, ਜੋ ਆਪ ਦੇ ਮਨ ਦਾ ਨਿਰਮਾਣ ਕਰਦੀ ਹੈ। ਕਿਸੇ ਇਨਸਾਨ ਦੀ ਸੋਚ ਸਕਾਰਾਤਮਕ ਹੁੰਦੀ ਹੈ ਅਤੇ ਕਿਸੇ ਦੀ ਸੋਚ ਨਕਾਰਾਤਮਕ ਹੁੰਦੀ ਹੈ। ਸਕਾਰਾਤਮਕ ਸੋਚ ਰੱਖਣ ਵਾਲਾ ਵਿਅਕਤੀ ਜੀਵਨ ਦੇ ਹਰ ਖੇਤਰ ਵਿੱਚ ਸਫਲਤਾ ਪ੍ਰਾਪਤ ਕਰਦਾ ਹੈ। ਜਦੋਂ ਕਿ ਨਕਾਰਾਤਮਕ ਸੋਚ ਵਾਲਾ ਵਿਅਕਤੀ ਆਪਣੇ ਬਾਰੇ ਇਹ ਧਾਰਨਾ ਬਣਾ ਲੈਂਦਾ ਹੈ ਕਿ ਉਹ ਜੀਵਨ ਦੇ ਵਿੱਚ ਕਦੇ ਵੀ ਸਫਲਤਾ ਪ੍ਰਾਪਤ ਨਹੀਂ ਕਰ ਸਕੇਗਾ। ਜੇਕਰ ਆਪ ਦੀ ਸੋਚ ਅਤੇ ਵਿਚਾਰ ਨਕਾਰਾਤਮਕ ਹੋਣਗੇ ਤਾਂ ਆਪ ਦਾ ਆਤਮ ਬਲ, ਦ੍ਰਿੜਤਾ ਅਤੇ ਪੁਰਸ਼ਾਰਥ ਵੀ ਕਮਜ਼ੋਰ ਹੋ ਜਾਵੇਗਾ। ਆਪ ਦੇ ਅੰਦਰ ਦੀਆਂ ਸ਼ਕਤੀਆਂ ਵੀ ਇਸ ਦੀ ਅਨੁਸਾਰ ਹੀ ਕੰਮ ਕਰਨਗੀਆਂ। ਚੰਗੇ ਵਿਅਕਤੀਤਵ ਦੇ ਨਿਰਮਾਣ ਲਈ ਸਭ ਤੋਂ ਪਹਿਲਾਂ ਆਪ ਦੀ ਸੋਚ ਦਾ ਸਕਾਰਾਤਮਕ ਹੋਣਾ ਬਹੁਤ ਜਰੂਰੀ ਹੈ। ਇੱਕ ਮੂਰਤੀਕਾਰ ਪਹਿਲਾਂ ਆਪਣੇ ਮਨ ਅੰਦਰ ਮੂਰਤੀ ਜਾਂ ਚਿੱਤਰ ਦਾ ਨਿਰਮਾਣ ਕਰਦਾ ਹੈ। ਮਤਲਬ ਕੀ ਉਸ ਦੀ ਸੋਚ ਅੰਦਰ ਹੀ ਤਸਵੀਰ ਜਾਂ ਮੂਰਤੀ ਸਾਕਾਰ ਹੁੰਦੀ ਹੈ। ਉਸ ਤੋਂ ਬਾਅਦ ਹੀ ਉਹ ਉਸ ਨੂੰ ਮਨ ਚਾਹਿਆ ਆਕਾਰ ਪ੍ਰਦਾਨ ਕਰਦਾ ਹੈ। ਇਸ ਲਈ ਜੇਕਰ ਸਾਡੀ ਸੋਚ ਸਕਾਰਾਤਮਕ ਹੋਵੇਗੀ ਫਿਰ ਹੀ ਸਾਡੇ ਵਿਅਕਤੀਤਵ ਵਿੱਚ ਨਿਖਾਰ ਆ ਸਕਦਾ ਹੈ। ਸਾਡੀ ਸੋਚ ਪਵਿੱਤਰ ਅਤੇ ਸਕਾਰਾਤਮਕ ਉਦੋਂ ਹੀ ਹੋਵੇਗੀ ਜਦੋਂ ਅਸੀਂ ਪਰਮਾਤਮਾ ਨਾਲ ਜੁੜਾਂਗੇ। ਇਸ ਮੌਕੇ ਸਾਧਵੀ ਰਮਨਦੀਪ ਭਾਰਤੀ, ਸਾਧਵੀ ਲਖਵਿੰਦਰ ਭਾਰਤੀ ਅਤੇ ਸਾਧਵੀ ਬਲਜੀਤ ਭਾਰਤੀ ਨੇ ਭਜਨਾਂ ਦਾ ਗਾਇਨ ਕੀਤਾ। ਆਈ ਹੋਈ ਸੰਗਤ ਨੂੰ ਅਟੁੱਟ ਲੰਗਰ ਵੀ ਵਰਤਾਇਆ ਗਿਆ।

ਮਿੱਟੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਰਨਾ ਲਾਹੇਵੰਦ : ਖੇਤੀਬਾੜੀ ਅਫਸਰ

ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਜਿਸ ਤਰ੍ਹਾਂ ਮਨੁੱਖੀ ਸਿਹਤ ਦੀ ਕਾਮਯਾਬੀ ਲਈ ਸੰਤੁਲਿਤ ਖੁਰਾਕ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਪੌਦਿਆਂ ਦੇ ਵਾਧੇ ਅਤੇ ਚੰਗੇ ਝਾੜ ਲਈ ਵੀ ਸੰਤੁਲਿਤ ਖੁਰਾਕ ਦੀ ਜਰੂਰਤ ਪੈਂਦੀ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ, ਪੱਟੀ ਨੇ ਕਿਹਾ ਕਿ ਖੁਰਾਕੀ ਤੱਤਾਂ ਦੀ ਘਾਟ ਨੂੰ ਪੂਰਾ ਕਰਨ ਲਈ ਆਮ ਤੌਰ 'ਤੇ ਪੱਤਿਆਂ ਦੇ ਰੰਗ ਰੂਪ ਤੋਂ ਅੰਦਾਜ਼ਾ ਲਗਾ ਲਿਆ ਜਾਂਦਾ ਹੈ ਪਰ ਮਿੱਟੀ ਪਰਖ ਨਾਲ ਇਸ ਦਾ ਸਥਾਈ ਹੱਲ ਸੰਭਵ ਹੈ। ਇਸ ਮੌਕੇ ਡਾ. ਹਰਮਨਦੀਪ ਕੌਰ ਏ ਡੀ ਓ, (ਮਿੱਟੀ ਪਰਖ) ਅਤੇ ਨਿਸ਼ਾਨ ਸਿੰਘ ਉਪ ਨਿਰੀਖਕ ਨੇ ਪਿੰਡ ਭੱਗੂਪੁਰ ਅਤੇ ਕੰਡਿਆਲਾ ਵਿਖੇ ਮਿੱਟੀ ਦੇ ਸੈਂਪਲ ਇਕੱਤਰ ਕਰਨ ਮੌਕੇ ਜਾਣਕਾਰੀ ਦਿੱਤੀ ਕਿ ਹਰ ਤਿੰਨ ਸਾਲ ਬਾਅਦ ਮਿੱਟੀ ਦੇ ਨਮੂਨੇ ਪਰਖ ਕਰਾ ਲੈਣੇ ਜ਼ਰੂਰੀ ਹਨ। ਪਰਖ ਦੇ ਅਧਾਰ 'ਤੇ ਖੁਰਾਕੀ ਤੱਤਾਂ ਦੀ ਘਾਟ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਨ ਨਾਲ ਖੇਤੀ ਖਰਚੇ ਘਟਣਗੇ। ਉਹਨਾਂ ਕਿਹਾ ਕਿ ਆਮ ਤੌਰ 'ਤੇ ਕਿਸਾਨਾਂ ਵੱਲੋਂ ਲੋੜ ਤੋਂ ਵੱਧ ਖਾਦ ਪਾ ਦਿੱਤੀ ਜਾਂਦੀ ਹੈ ਜਿਸ ਨਾਲ ਫਸਲਾਂ ਵਿੱਚ ਕੀੜੇ ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਵੀ ਵੱਧ ਜਾਂਦਾ ਹੈ। ਇਸ ਦੌਰਾਨ ਡਾ. ਭੁਪਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ ਹਰਪਾਲ ਸਿੰਘ ਪੰਨੂ ਦੇ ਦਿਸ਼ਾ ਨਿਰਦੇਸ਼ ਹੇਠ ਕਿਸਾਨਾਂ ਨੂੰ ਖਾਦਾਂ ਦੀ ਸੁਚੱਜੀ ਵਰਤੋਂ ਕਰਨ ਅਤੇ ਮਿੱਟੀ ਪਰਖ ਦੀ ਅਹਿਮੀਅਤ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੁਹਿਮ ਤਹਿਤ ਜਿੱਥੇ ਸਰਕਲ ਅਧਿਕਾਰੀਆਂ ਵੱਲੋਂ ਮਿੱਟੀ ਦੇ ਨਮੂਨੇ ਇਕੱਤਰ ਕੀਤੇ ਜਾ ਰਹੇ ਹਨ ਉਥੇ ਕਿਸਾਨ ਖੁਦ ਵੀ ਮਿੱਟੀ ਅਤੇ ਪਾਣੀ ਦੇ ਸੈਂਪਲ ਲੈ ਕੇ ਨੇੜੇ ਦੀ ਲੈਬ ਵਿੱਚ ਪਰਖ ਕਰਾ ਸਕਦੇ ਹਨ। ਇਸ ਮੌਕੇ ਜੈਦੀਪ ਸਿੰਘ, ਜਸਕਰਨ ਸਿੰਘ, ਜਗਦੀਪ ਸਿੰਘ, ਹਰਚੰਦ ਸਿੰਘ, ਰੇਸ਼ਮ ਸਿੰਘ ਮੈਂਬਰ ਪੰਚਾਇਤ, ਸੁਖਦੇਵ ਸਿੰਘ ਮੈਂਬਰ ਪੰਚਾਇਤ, ਗੁਰਪ੍ਰੀਤ ਸਿੰਘ ਅਤੇ ਦਿਲਬਾਗ ਸਿੰਘ ਫੀਲਡ ਵਰਕਰ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਜਾਣਕਾਰੀ ਦਿੱਤੀ ਗਈ ਕਿ ਜਿਨਾਂ ਖੇਤਾਂ ਵਿੱਚ ਕਲਰ ਦੀ ਸਮੱਸਿਆ ਹੈ ਜਾਂ ਜਿੰਨਾ ਬੋਰਾਂ ਦਾ ਪਾਣੀ ਬਹੁਤਾ ਚੰਗਾ ਨਹੀਂ ਹੈ ਉਹਨਾਂ ਖੇਤਾਂ ਵਿੱਚ ਜਿਪਸਮ ਪਾਈ ਜਾਵੇ ਜੋ ਕਿ ਖੇਤੀਬਾੜੀ ਵਿਭਾਗ ਦੁਆਰਾ 50% ਸਬਸਿਡੀ 'ਤੇ ਦਿੱਤੀ ਜਾ ਰਹੀ ਹੈ।

1854 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸੌਗਾਤ ਲਈ ਸੇਖਵਾਂ ਨੇ ਪੰਜਾਬ ਸਰਕਾਰ ਦਾ ਕੀਤਾ ਧੰਨਵਾਦ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਵਿੱਚ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਗੁਰਦਾਸਪੁਰ ਵਿਖੇ ਹੋਈ ਵਿਕਾਸ ਕ੍ਰਾਂਤੀ ਰੈਲੀ ਨੂੰ ਲੋਕ ਸਭਾ ਹਲਕਾ ਗੁਰਦਾਸਪੁਰ ਲਈ ਇਤਿਹਾਸਕ ਮੌਕਾ ਕਰਾਰ ਦਿੱਤਾ ਹੈ। ਸ. ਸੇਖਵਾਂ ਨੇ 1854 ਕਰੋੜ ਰੁਪਏ ਦੇ ਵੱਖ-ਵੱਖ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਜਗਰੂਪ ਸਿੰਘ ਸੇਖਵਾਂ ਵੱਲੋਂ ਦਿੱਲੀ ਦੇ ਮੁੱਖ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਲੋਕ ਸਭਾ ਹਲਕਾ ਗੁਰਦਾਸਪੁਰ ਲਈ ਬੀਤੇ ਦਿਨ ਨੂੰ ਯਾਦਗਾਰੀ ਦਿਨ ਕਰਾਰ ਦਿੰਦਿਆਂ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਜਿਸ ਤਰ੍ਹਾਂ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਹੋਈ ਹੈ, ਉਸ ਨਾਲ ਪੰਜਾਬ ਸਰਕਾਰ ਇਸ ਖੇਤਰ ਲਈ ਨਵੇਂ ਅਤੇ ਪ੍ਰਗਤੀਸ਼ੀਲ ਦੌਰ ਦੀ ਸ਼ੁਰੂਆਤ ਕਰ ਰਹੀ ਹੈ। ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਿਆਂ ਸੇਖਵਾਂ ਨੇ ਕਿਹਾ ਕਿ ਗੁਰਦਾਸਪੁਰ ਵਿੱਚ ਨਵਾਂ ਬੱਸ ਅੱਡਾ ਬਣਾਉਣਾ ਸਮੇਂ ਦੀ ਲੋੜ ਸੀ ਅਤੇ ਇਸ ਨਾਲ ਲੋਕਾਂ ਦੀ ਟ੍ਰੈਫਿਕ ਸਮੱਸਿਆ ਦੂਰ ਹੋਵੇਗੀ ਅਤੇ ਲੋਕਾਂ ਨੂੰ ਆਵਾਜਾਈ ਵਿੱਚ ਆਸਾਨੀ ਹੋਵੇਗੀ। ਉਨ੍ਹਾਂ ਕਿਹਾ ਕਿ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਤਿਕਾਰ ਵਿੱਚ ਉਨ੍ਹਾਂ ਦੇ ਨਾਮ ਉੱਤੇ ਨਵਾਂ ਬੱਸ ਸਟੈਂਡ ਬਣਾਉਣਾ ਸਰਕਾਰ ਦਾ ਵਧੀਆ ਉਪਰਾਲਾ ਹੈ। ਉਨ੍ਹਾਂ ਨੇ ਲੋਕਾਂ ਨੂੰ ਦਿੱਤੇ ਇਸ ਤੋਹਫੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਸ. ਸੇਖਵਾਂ ਨੇ ਕਿਹਾ ਕਿ ਪਨਿਆੜ ਅਤੇ ਬਟਾਲਾ ਵਿੱਚ ਸਹਿਕਾਰੀ ਖੰਡ ਮਿੱਲਾਂ ਦੀ ਸਮਰੱਥਾ ਵਿੱਚ ਵਾਧਾ ਹੋਣ ਨਾਲ ਮਾਝਾ ਖੇਤਰ ਦੇ ਕਿਸਾਨਾਂ ਨੂੰ ਕਾਫੀ ਫਾਇਦਾ ਹੋਵੇਗਾ। ਇਹ ਵਾਧਾ ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਤੋਂ ਕੱਢ ਕੇ ਗੰਨੇ ਦੀ ਕਾਸ਼ਤ ਕਰਨ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇਂ ਮਿੱਲਾਂ ਦਾ ਯੋਗਦਾਨ ਨਿਸ਼ਚਿਤ ਤੌਰ 'ਤੇ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਹੁਲਾਰਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਬੀਤੇ ਕੱਲ ਗੁਰਦਾਸਪੁਰ ਵਿਖੇ ਹੋਈ ਵਿਕਾਸ ਦੀ ਸ਼ੁਰੂਆਤ ਜ਼ਿਲ੍ਹੇ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾਏਗੀ।

ਸਮਾਲ ਇੰਡਸਟਰੀ ਦੇ ਪ੍ਰਧਾਨ ਇੰਦਰਜੀਤ ਸਿੰਘ ਬਾਸਰਕੇ ਦਾ ਸਨਮਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਾਂਗਰਸ ਦੇ ਸੀਨੀਅਰ ਆਗੂ ਇੰਦਰਜੀਤ ਸਿੰਘ ਬਾਸਰਕੇ ਨੂੰ ਫੈਡਰੇਸ਼ਨ ਆਫ ਐਸੋਸੀਏਸ਼ਨ ਆਫ ਸਮਾਲ ਇੰਡਸਟਰੀ ਗਵਰਮੈਂਟ ਆਫ ਇੰਡੀਆ ਵੱਲੋਂ ਪ੍ਰਧਾਨ ਬਨਾਏ ਜਾਣ ਤੇ ਸੀਨੀਅਰ ਮਿੱਤਰ ਸਿਟੀਜ਼ਨ ਮਿੱਤਰ ਮੰਡਲ ਵੱਲੋਂ ਉਨ੍ਹਾਂ ਦਾ ਪੁਰਜ਼ੋਰ ਸਵਾਗਤ ਤੇ ਸਨਮਾਨ ਸੰਯੋਗ ਹੋਟਲ ਵਿਖੇ ਇਕ ਸਾਦਾ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੀਤਾ ਗਿਆ। ਇਸ ਸਮਾਗਮ ਵਿੱਚ ਜੋਗਿੰਦਰ ਸਿੰਘ ਅਦਲੀਵਾਲ ਅਤੇ ਦਿਲਜੀਤ ਸਿੰਘ ਬੇਦੀ ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਇੰਦਰਜੀਤ ਸਿੰਘ ਬਾਸਰਕੇ ਦੀ ਲੰਮੀ ਘਾਲਣਾ ਜਨਤਾ ਪ੍ਰਤੀ ਸੇਵਾ ਭਾਵਨਾ, ਪਾਰਟੀ ਪ੍ਰਤੀ ਵਫਾਦਾਰੀ ਤੇ ਰਾਜਨੀਤਕ ਪੱਧਰ ਤੇ ਵਿਚਰਨ ਦੀ ਚੰਗੀ ਛਵੀ ਨੇ ਉਨ੍ਹਾਂ ਨੂੰ ਇਸ ਪਦ ਤੱਕ ਪਹੁੰਚਾਇਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਬਾਸਰਕੇ ਹੋਰ ਤਰੱਕੀ ਤੇ ਵੱਡੇ ਅਹੁਦੇ ਹਾਸਲ ਕਰਨਗੇ। ਸ. ਬਾਸਰਕੇ ਨੂੰ ਸੀਨੀਅਰ ਸਿਟੀਜ਼ਨ ਮਿੱਤਰ ਮੰਡਲ ਵੱਲੋਂ ਯਾਦਗਾਰੀ ਮੈਮੰਟੋ, ਦੋਸ਼ਾਲਾ ਤੇ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ। ਇਸ ਸਮੇਂ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਸੁਖਰਾਜ ਸਿੰਘ ਰਾਜ ਥਾਂਦੇ ਯੂਐਸਏ, ਪ੍ਰੀਤਮ ਸਿੰਘ ਪੁਰੀ, ਦਰਸ਼ਨ ਸਿੰਘ ਪੰਨੂ, ਹਰਜਿੰਦਰ ਸਿੰਘ ਏ. ਆਰ. ਗੁਰੂ

5-Dec-PAGE-4.qxd 12/4/2023 11:05 PM Page 1

ਨਵਾਂ ਜ਼ਮਾਨਾ
ਮੰਗਲਵਾਰ, 5 ਦਸੰਬਰ 2023

ਕਾਂਗਰਸ ਲੀਡਰਸ਼ਿਪ ਹਕੀਕਤ ਪਛਾਣੇ

ਪੰਜ ਵਿਧਾਨ ਸਭਾ ਚੋਣਾਂ ਦੇ ਨਤੀਜੇ ਆ ਚੁੱਕੇ ਹਨ। ਮਿਜ਼ੋਰਮ ਵਿੱਚ ਨਵੀਂ ਬਣੀ ਜ਼ੋਰਮ ਪੀਪਲਜ਼ ਮੂਵਮੈਂਟ ਪਾਰਟੀ ਨੇ 40 ਵਿੱਚੋਂ 27 ਸੀਟਾਂ ਜਿੱਤ ਕੇ ਆਪਣਾ ਪਰਚਮ ਲਹਿਰਾਇਆ ਹੈ। ਕਾਂਗਰਸ ਨੇ ਲੰਮੇ ਸਮੇਂ ਬਾਅਦ ਤੇਲੰਗਾਨਾ ਵਿੱਚ ਬੀ ਆਰ ਐਸ ਨੂੰ ਹਰਾ ਕੇ ਸੱਤਾ ਦੀ ਚਾਬੀ ਸੰਭਾਲ ਲਈ ਹੈ। ਕਾਂਗਰਸ ਨੇ ਜਿੱਥੇ ਰਾਜਸਥਾਨ ਤੇ ਛੱਤੀਸਗੜ੍ਹ ਦੀ ਸੱਤਾ ਗੁਆ ਲਈ ਹੈ, ਉਥੇ ਮੱਧ ਪ੍ਰਦੇਸ਼ ਵਿੱਚ ਉਸ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਬਿਨਾਂ ਸ਼ੱਕ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਰਾਹੁਲ ਤੇ ਪ੍ਰਿਅੰਕਾ ਗਾਂਧੀ ਨੇ ਧੂੰਆਂਧਾਰ ਪ੍ਰਚਾਰ ਕੀਤਾ, ਪਰ ਇਨ੍ਹਾਂ ਰਾਜਾਂ ਵਿੱਚ ਕਾਂਗਰਸ ਦੇ ਸਥਾਨਕ ਆਗੂਆਂ ਦੀ ਆਪਸੀ ਰੰਜਸ਼ ਤੇ ਗਲਤ ਦਾਅਪੇਚ ਕਾਂਗਰਸ ਨੂੰ ਲੈ ਬੈਠੇ। ਜਿੱਥੇ ਭਾਜਪਾ ਦੀ ਚੋਣ ਵਾਗਡੋਰ ਉਸ ਦੇ ਕੇਂਦਰੀ ਆਗੂਆਂ ਦੇ ਹੱਥ ਸੀ, ਉੱਥੇ ਕਾਂਗਰਸ ਨੇ ਸਥਾਨਕ ਆਗੂਆਂ ਨੂੰ ਖੁੱਲ੍ਹ ਖੇਡਣ ਦੀ ਆਗਿਆ ਦੇਈ ਰੱਖੀ। ਮੱਧ ਪ੍ਰਦੇਸ਼ ਵਿੱਚ ਵਾਗਡੋਰ ਕਮਲਨਾਥ ਦੇ ਹੱਥ ਵਿੱਚ ਸੀ। ਉਹ ਹਿੰਦੂਤਵ ਦੇ ਘੋੜੇ 'ਤੇ ਅਜਿਹਾ ਸਵਾਰ ਸੀ ਕਿ ਉਸ ਨੇ ਪ੍ਰਿਅੰਕਾ ਨੂੰ ਨਾਲ ਲੈ ਕੇ ਮੰਦਰਾਂ ਵਿੱਚ ਆਰਤੀਆਂ ਤੇ ਭਗਵੇਂ ਸੰਤਾਂ ਦੇ ਅਸ਼ੀਰਵਾਦ ਦੇ ਸਿਰ 'ਤੇ ਚੋਣ ਘੋਲ ਜਿੱਤ ਲੈਣ ਦੀ ਖੁਸ਼ਫਹਿਮੀ ਪਾਲ ਲਈ। 'ਇੰਡੀਆ' ਗੱਠਜੋੜ ਵੱਲ ਕਾਂਗਰਸ ਦੀ ਪਹੁੰਚ ਨੇ ਵੀ ਉਸ ਦਾ ਤਿੰਨਾਂ ਰਾਜਾਂ ਵਿੱਚ ਭਾਰੀ ਨੁਕਸਾਨ ਕੀਤਾ। ਕਮਲਨਾਥ ਦੀ ਇਹ ਹੈਂਕੜ ਹੀ ਸੀ ਕਿ 'ਇੰਡੀਆ' ਵੱਲੋਂ ਭੋਪਾਲ ਵਿੱਚ ਰੱਖੀ ਰੈਲੀ ਨਾ ਹੋਣ ਦਿੱਤੀ ਗਈ। ਇਹੋ ਨਹੀਂ, ਸਪਾ ਦੇ ਅਖਿਲੇਸ਼ ਯਾਦਵ ਨੂੰ ਸਮਝੌਤੇ ਲਈ ਸੱਦ ਕੇ ਮੁੜ ਜਵਾਬ ਦੇ ਕੇ ਬੇਇੱਜ਼ਤ ਕੀਤਾ। ਸਿੱਟੇ ਵਿੱਚ ਉਸ ਨੇ 72 ਉਮੀਦਵਾਰ ਖੜ੍ਹੇ ਕਰ ਦਿੱਤੇ ਤੇ ਸਾਰੇ ਪਰਵਾਰ ਤੇ ਪਾਰਟੀ ਆਗੂਆਂ ਸਮੇਤ ਮੱਧ ਪ੍ਰਦੇਸ਼ ਵਿੱਚ ਡੇਰੇ ਲਾ ਲਏ। ਉਸ ਨੂੰ ਇਹ ਪਤਾ ਸੀ ਕਿ ਉਸ ਨੇ ਜਿੱਤਣਾ ਨਹੀਂ, ਉਸ ਦਾ ਨਿਸ਼ਾਨਾ ਕਾਂਗਰਸ ਨੂੰ ਹਰਾਉਣਾ ਸੀ। ਉਸ ਨੇ 24 ਰੈਲੀਆਂ ਤੇ ਰੋਡ ਸ਼ੋਅ ਕੱਢ ਕੇ ਕਾਂਗਰਸ ਨੂੰ ਹਰਾਉਣ ਲਈ ਦਿਨ-ਰਾਤ ਇੱਕ ਕਰੀ ਰੱਖਿਆ। ਉਹ ਆਪਣੇ ਮਕਸਦ ਵਿੱਚ ਕਾਮਯਾਬ ਹੋਇਆ। ਸੀਟਾਂ ਦੀ ਵੰਡ ਵਿੱਚ ਵੀ ਕਮਲਨਾਥ ਦੀ ਚੱਲੀ, ਸਿੱਟੇ ਵਜੋਂ ਦਿਗਵਿਜੇ ਦੇ ਹਮੈਤੀ ਕਾਂਗਰਸੀਆਂ ਨੂੰ ਹਰਾਉਣ ਵਿੱਚ ਲੱਗੇ ਰਹੇ।

ਕਾਂਗਰਸ ਨੂੰ ਇਹ ਭੁੱਲ ਗਿਆ ਕਿ ਭਾਜਪਾ ਨੇ ਆਪਣੇ 10 ਸਾਲ ਦੇ ਰਾਜ ਦੌਰਾਨ ਹਿੰਦੀ ਬੋਲੀ ਵਾਲੇ ਪ੍ਰਦੇਸ਼ਾਂ ਵਿੱਚ ਹਿੰਦੂਤਵ ਤੇ ਰਾਸ਼ਟਰਵਾਦ ਦੇ ਜੋੜ ਨਾਲ ਪੈਦਾ ਕੀਤੀ ਵਿਚਾਰਧਾਰਾ ਨੂੰ ਘਰ-ਘਰ ਪੁਚਾ ਦਿੱਤਾ। ਇਸ ਨੂੰ ਸਿਰਫ਼ ਧਰਮ-ਨਿਰਪੱਖਤਾ ਰਾਹੀਂ ਹੀ ਹਰਾਇਆ ਜਾ ਸਕਦਾ ਹੈ। ਮੱਧ ਪ੍ਰਦੇਸ਼ ਵਿੱਚ ਕਮਲਨਾਥ ਹੀ ਨਹੀਂ, ਛੱਤੀਸਗੜ੍ਹ ਵਿੱਚ ਮੁੱਖ ਮੰਤਰੀ ਭੁਪੇਸ਼ ਬਘੇਲ ਰਾਮ ਵਨ ਗਮਨ ਪਥ, ਕੌਸ਼ਲਿਆ ਮਾਤਾ ਮੰਦਰ ਬਣਾਉਣ ਤੇ ਰਮਾਇਣ ਪਾਠ ਕਰਾਉਣ ਵਿੱਚ ਲੱਗਾ ਰਿਹਾ ਸੀ। ਯਾਨੀ ਕਾਂਗਰਸੀ ਹੀ ਭਾਜਪਾ ਦੀ ਹਿੰਦੂਤਵੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੇ ਸਨ। ਛੱਤੀਸਗੜ੍ਹ ਵਿੱਚ ਕਾਮਰੇਡਾਂ ਨੂੰ ਨਜ਼ਰ-ਅੰਦਾਜ਼ ਕਰਨਾ ਵੀ ਕਾਂਗਰਸ ਨੂੰ ਭਾਰੀ ਪਿਆ।

ਰਾਜਸਸਥਾਨ ਵਿੱਚ ਵੀ ਚੋਣਾਂ ਦੀ ਵਾਗਡੋਰ ਗਹਿਲੋਤ ਦੇ ਹੱਥ ਦੇ ਦਿੱਤੀ ਗਈ ਸੀ। ਉਸ ਨੇ ਉਮੀਦਵਾਰਾਂ ਦੀ ਚੋਣ ਮਨਮਰਜ਼ੀ ਨਾਲ ਕੀਤੀ। ਲੱਗਭੱਗ ਸਾਰੇ ਮੰਤਰੀਆਂ ਤੇ ਵਿਧਾਇਕਾਂ ਨੂੰ ਟਿਕਟਾਂ ਦੇ ਕੇ ਖੁਸ਼ ਕੀਤਾ ਗਿਆ, ਹਾਲਾਂਕਿ ਬਹੁਤ ਸਾਰਿਆਂ ਵਿਰੁੱਧ ਲੋਕਾਂ ਦਾ ਗੁੱਸਾ ਸੀ। ਸਿੱਟੇ ਵਜੋਂ 26 ਵਿੱਚੋਂ 17 ਮੰਤਰੀ ਹਾਰ ਗਏ ਹਨ। ਇਥੇ ਵੀ ਕਾਂਗਰਸ ਨੇ ਛੋਟੇ ਸਹਿਯੋਗੀ ਨੂੰ ਨਾਲ ਜੋੜਨ ਵਿੱਚ ਕੋਈ ਦਿਲਚਸਪੀ ਨਾ ਦਿਖਾਈ। 'ਇੰਡੀਆ' ਵਿਚਲੇ ਸਹਿਯੋਗੀ ਸੀ ਪੀ (ਆਈ) ਐਮ ਨਾਲ ਵੀ ਗੱਲ ਨਾ ਕੀਤੀ। ਬੇਨੀਵਾਲ ਦੀ ਲੋਕਤੰਤਰਿਕ ਪਾਰਟੀ ਤੇ ਨਵੀਂ ਬਣੀ ਭਾਰਤੀ ਆਦਿਵਾਸੀ ਪਾਰਟੀ ਨੇ ਫਰੰਟ ਬਣਾ ਕੇ ਚੋਣਾਂ ਲੜੀਆਂ ਤੇ ਹੈਰਾਨਕੁੰਨ ਨਤੀਜੇ ਹਾਸਲ ਕੀਤੇ ਹਨ। ਲੋਕਤੰਤਰਿਕ ਪਾਰਟੀ ਨੇ 1 ਤੇ ਆਦਿਵਾਸੀ ਪਾਰਟੀ ਨੇ 3 ਸੀਟਾਂ ਜਿੱਤੀਆਂ ਹਨ। ਡੇਢ ਦਰਜਨ ਤੋਂ ਵੱਧ ਸੀਟਾਂ 'ਤੇ ਉਨ੍ਹਾਂ ਦੇ ਉਮੀਦਵਾਰਾਂ ਨੂੰ 20 ਹਜ਼ਾਰ ਤੋਂ 80 ਹਜ਼ਾਰ ਤੱਕ ਵੋਟ ਮਿਲੇ ਹਨ। ਇਸੇ ਤਰ੍ਹਾਂ ਸੀ ਪੀ (ਆਈ) ਐਮ ਤਿੰਨ ਸੀਟਾਂ ਉੱਤੇ ਦੂਜੇ ਥਾਂ ਉੱਤੇ ਆਈ ਹੈ।

ਕਾਂਗਰਸ ਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਦੱਖਣ ਭਾਰਤ ਦੇ ਰਾਜਾਂ ਵਿਚਲੇ ਦਾਅਪੇਚ ਹਿੰਦੀ ਬੈਲਟ ਵਿੱਚ ਨਹੀਂ ਚੱਲ ਸਕਦੇ। ਇਹ ਰਾਜ ਨਰਿੰਦਰ ਮੋਦੀ ਤੇ ਸੰਘ ਦੀ ਪ੍ਰਯੋਗਸ਼ਾਲਾ ਬਣ ਚੁੱਕੇ ਹਨ। ਇਸ ਦੇ ਨਾਲ ਹੀ ਕਾਂਗਰਸ ਨੂੰ ਸੰਗਠਨ ਦੇ ਦਾਅਪੇਚ ਮੁੜ ਤੋਂ ਘੜਨੇ ਚਾਹੀਦੇ ਹਨ। ਕਮਲਨਾਥ, ਦਿਗਵਿਜੈ, ਗਹਿਲੋਤ ਵਰਗੇ ਬਜ਼ੁਰਗਾਂ ਨੂੰ ਸਤਿਕਾਰ ਨਾਲ ਲਾਂਭੇ ਕਰਕੇ ਨਵੀਂ ਲੀਡਰਸ਼ਿਪ ਅੱਗੇ ਲਿਆਉਣੀ ਚਾਹੀਦੀ ਹੈ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਜਪਾ ਨੇ ਲੋਕ ਸਭਾ ਚੋਣਾਂ 2014 ਜਿੱਤਣ ਲਈ ਯੂ ਪੀ ਵਿੱਚ ਰਾਜਭਰ ਦੀ ਪਾਰਟੀ ਤੇ ਅਪਨਾ ਦਲ ਵਰਗੀਆਂ ਛੋਟੀਆਂ ਪਾਰਟੀ ਨੂੰ ਖੁਦ ਖੜ੍ਹਾ ਕਰਕੇ ਸਮਝੌਤੇ ਕੀਤੇ ਸਨ। ਫਿਰ ਵਿਧਾਨ ਸਭਾ ਚੋਣਾਂ ਵੇਲੇ ਨਿਸ਼ਾਦ ਪਾਰਟੀ ਨੂੰ ਨਾਲ ਜੋੜਿਆ ਸੀ। ਇਸ ਲਈ ਜੇਕਰ 'ਇੰਡੀਆ' ਗੱਠਜੋੜ ਨੇ ਮੋਦੀ ਦਾ ਮੁਕਾਬਲਾ ਕਰਨਾ ਹੈ ਤਾਂ ਅਜ਼ਾਦ ਸਮਾਜ ਪਾਰਟੀ, ਆਦਿਵਾਸੀ ਪਾਰਟੀ, ਗੋਂਡਵਾਨਾ ਗਣਤੰਤਰ ਪਾਰਟੀ ਤੇ ਲੋਕਤੰਤਰਿਕ ਪਾਰਟੀ ਵਰਗੀਆਂ ਪਾਰਟੀਆਂ ਨੂੰ ਵੀ ਇੱਜ਼ਤ-ਮਾਣ ਨਾਲ ਆਪਣੇ ਨਾਲ ਜੋੜਨਾ ਪਵੇਗਾ।

-ਚੰਦ ਫਤਿਹਪੁਰੀ

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਬਾਨੀ ਪ੍ਰਧਾਨ ਬਾਬਾ ਵਿਸਾਖਾ ਸਿੰਘ

ਪਿਰਥੀਪਾਲ ਸਿੰਘ ਮਾੜੀਮੇਘਾ

ਮਹਾਨ ਗਦਰੀ ਸੰਤ ਬਾਬਾ ਵਿਸਾਖਾ ਸਿੰਘ ਉਨ੍ਹਾਂ ਬਹਾਦਰ ਯੋਧਿਆਂ 'ਚੋਂ ਇੱਕ ਸਨ, ਜਿਨ੍ਹਾਂ ਨੇ 1914-15 'ਚ ਸਾਮਰਾਜ ਅੰਗਰੇਜ਼ ਤੋਂ ਹਿੰਦੁਸਤਾਨ ਨੂੰ ਮੁਕਤ ਕਰਾਉਣ ਲਈ ਅੰਡੇਮਾਨ-ਨਿਕੋਬਾਰ ਜੇਲ੍ਹ ਵਿੱਚ ਘੋਰ ਤਸੀਹੇ ਝੱਲੇ। ਇਸ ਮਹਾਨ ਦੇਸ਼ ਭਗਤ ਦਾ ਜਨਮ 13 ਅਪ੍ਰੈਲ 1877 ਨੂੰ ਵਿਸਾਖੀ ਵਾਲੇ ਦਿਨ ਤਰਨ ਤਾਰਨ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਸਰਿਹਾਲੀ ਕਲਾਂ ਤੋਂ 3 ਕਿਲੋਮੀਟਰ ਹਟਵੇਂ ਨਗਰ ਦਦੇਹਰ ਸਾਹਿਬ ਵਿਖੇ ਪਿਤਾ ਸ: ਦਿਆਲ ਸਿੰਘ ਤੇ ਮਾਤਾ ਇੰਦਰ ਕੌਰ ਦੇ ਘਰ ਹੋਇਆ। ਬਾਬਾ ਵਿਸਾਖਾ ਸਿੰਘ ਨੇ ਸੰਤ ਸੁਭਾਅ ਦੀ ਗੁੜ੍ਹਤੀ ਤਾਇਆ ਖੁਸ਼ਹਾਲ ਸਿੰਘ ਤੋਂ ਲਈ। ਆਪ ਦੀ ਪੜ੍ਹਾਈ ਭਾਵੇਂ ਉੱਚੇ ਪੱਧਰ ਦੀ ਨਹੀਂ ਸੀ, ਪਰ ਗਿਆਨ ਦੇ ਪੱਖੋਂ ਆਪ ਆਮ ਗਦਰੀਆਂ ਨਾਲੋਂ ਕਿਤੇ ਅੱਗੇ ਸਨ। ਇਸ ਦੀ ਮਿਸਾਲ ਉਨ੍ਹਾਂ ਦੀ ਆਪਣੀ ਹੱਥ ਲਿਖਤ ਸਵੈ-ਜੀਵਨੀ ਹੈ ਤੇ ਉਹ ਵੀ ਕਾਵਿਕ ਰੂਪ ਵਿੱਚ।

ਤਰਨ ਤਾਰਨ ਜ਼ਿਲ੍ਹੇ ਦੇ ਸੈਂਟਰ ਵਿੱਚ ਵੱਸੇ ਪਿੰਡ ਦਦੇਹਰ ਸਾਹਿਬ ਵਿਖੇ ਬਾਬਾ ਵਿਸਾਖਾ ਸਿੰਘ ਤੋਂ ਇਲਾਵਾ ਗਦਰੀ ਬਿਸ਼ਨ ਸਿੰਘ ਪਹਿਲਵਾਨ, ਭਾਈ ਹਜਾਰਾ ਸਿੰਘ, ਭਾਈ ਵਿਸਾਖਾ ਸਿੰਘ ਨੰ: 2, ਭਾਈ ਬਿਸ਼ਨ ਸਿੰਘ ਨੰ: 2 ਅਤੇ ਸ਼ਹੀਦ ਸਾਧੂ ਸਿੰਘ ਹੋਏ ਹਨ । ਗਦਰੀਆਂ ਦੇ ਰਾਹ 'ਤੇ ਚੱਲਦਿਆਂ ਕਾਰਗਿਲ ਯੁੱਧ ਵਿੱਚ ਸਿਪਾਹੀ ਕੁਲਵਿੰਦਰ ਸਿੰਘ ਨੇ ਹਿੰਦੁਸਤਾਨ ਦੀ ਇੱਜ਼ਤ-ਆਬਰੂ ਨੂੰ ਕਾਇਮ ਰੱਖਣ ਲਈ ਸ਼ਹਾਦਤ ਦਾ ਜਾਮ ਪੀਤਾ।

ਅੰਗਰੇਜ਼ਾਂ ਨੇ ਆਪਣੇ ਰਾਜ ਸਮੇਂ ਕਿਸਾਨਾਂ ਦਾ ਖੂਨ ਨਿਚੋੜਿਆ ਹੋਇਆ ਸੀ। ਇਨ੍ਹਾਂ ਹਾਲਤਾਂ ਵਿੱਚ ਕਿਸਾਨਾਂ ਦੇ ਪੁੱਤਾਂ ਕੋਲ ਦੋ ਹੀ ਰਾਹ ਸਨ, ਇੱਕ ਫੌਜ ਵਿੱਚ ਭਰਤੀ ਹੋ ਕੇ ਅੰਗਰੇਜ਼ ਸਾਮਰਾਜ ਦੀ ਰਾਖੀ ਕਰਨ, ਦੂਜਾ ਵਿਦੇਸ਼ਾਂ ਵਿੱਚ ਕਿਰਤ ਕਰਨ ਲਈ ਜਾਣ। ਬਾਬਾ ਵਿਸਾਖਾ ਸਿੰਘ 1896 ਵਿੱਚ ਯਾਰਾਂ ਨੰਬਰ ਰਸਾਲੇ ਵਿੱਚ ਭਰਤੀ ਹੋ ਗਏ। ਆਪ ਜਲਦੀ ਹੀ ਅਫਸਰਸ਼ਾਹੀ ਦੇ ਹੰਕਾਰ ਤੋਂ ਤੰਗ ਹੋ ਗਏ। ਓਧਰ ਪਗੜੀ ਸੰਭਾਲ ਜੱਟਾ ਲਹਿਰ ਜ਼ੋਰਾਂ 'ਤੇ ਚੱਲ ਰਹੀ ਸੀ ਤੇ ਬਾਬਾ ਵਿਸਾਖਾ ਨੇ ਫੌਜ 'ਚੋਂ ਚੋਰੀ ਦੌੜ ਕੇ ਰਾਵਲਪਿੰਡੀ ਵਿਖੇ ਉਨ੍ਹਾਂ ਦਾ ਲੈਕਚਰ ਸੁਣਿਆ ਤੇ ਉਹ ਕੀਲੇ ਗਏ। ਉਨ੍ਹਾਂ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਤੇ ਪਿੰਡ ਆ ਗਏ।

ਘਰ ਵਾਲਿਆਂ ਦੇ ਤਾਹਨੇ-ਮਿਹਣੇ ਸੁਣ ਕੇ ਆਪ 1909 ਵਿੱਚ ਅਮਰੀਕਾ ਚਲੇ ਗਏ। ਉਸ ਵਕਤ ਪਾਸਪੋਰਟ ਤੇ ਹੈ ਨਹੀਂ ਸੀ, ਸਿਰਫ ਮੈਡੀਕਲ ਹੁੰਦਾ ਸੀ ਤੇ ਉਹ ਵੀ ਖਾਸ ਕਰਕੇ ਅੱਖਾਂ ਦਾ। ਅਮਰੀਕਾ ਪਹੁੰਚ ਕੇ ਬਾਬਾ ਵਿਸਾਖਾ ਦਾ ਮੇਲ ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸੰਤੋਖ ਸਿੰਘ ਧਰਦਿਉ, ਭਾਈ ਹਜਾਰਾ ਸਿੰਘ ਦਦੇਹਰ ਅਤੇ ਭਾਈ ਨੌਧ ਸਿੰਘ ਪਿੰਡ ਪਠਾਨਕੇ (ਪਾਕਿਸਤਾਨ) ਨਾਲ ਹੋਇਆ ਤੇ ਇਨ੍ਹਾਂ ਨੇ 'ਸਟਾਕਟਿਨ' ਸ਼ਹਿਰ ਤੋਂ ਥੋੜ੍ਹੀ ਦੂਰ ਰਿਹਾਇਸ਼ ਕਰ ਲਈ। ਬਾਬਾ ਵਿਸਾਖਾ ਸਿੰਘ ਪੰਜਾਬ ਤੋਂ ਗੁਰੂ ਗ੍ਰੰਥ ਸਾਹਿਬ ਮੰਗਵਾ ਕੇ ਸਵੇਰੇ-ਸ਼ਾਮ ਪਾਠ ਕਰਿਆ ਕਰਦੇ ਸਨ। ਗੁਰਦੁਆਰਾ ਉਸ ਵੇਲੇ ਉਥੇ ਕੋਈ ਨਹੀਂ ਸੀ। ਖੇਤੀ ਦਾ ਕੰਮ ਕਰਨ ਵਾਸਤੇ ਇੱਕ ਕੰਪਨੀ ਰਜਿਸਟਰ ਕਰਾਈ ਤੇ ਹੋਲਟਵਿੱਲ ਨਜ਼ਦੀਕ 500 ਏਕੜ ਦਾ ਫਾਰਮ ਪਟੇ 'ਤੇ ਲੈ ਲਿਆ ਤੇ ਸ਼ਾਨਦਾਰ ਢੰਗ ਨਾਲ ਵਾਹੀ ਕੀਤੀ। ਇਹੋ ਫਾਰਮ ਗਦਰ ਪਾਰਟੀ ਬਣਨ ਉਪਰੰਤ ਗਦਰੀਆਂ ਦੀ ਯੁੱਧ ਟ੍ਰੇਨਿੰਗ ਦਾ ਸੈਂਟਰ ਬਣਿਆ ਸੀ। ਗਦਰੀਆਂ ਦਾ ਇਹ ਫਾਰਮ 'ਆਲੂਆਂ ਦੇ ਬਾਦਸ਼ਾਹ' ਤੇ 'ਭਾਈਆਂ ਵਾਲਾ ਡੇਰਾ' ਕਰਕੇ ਜਾਣਿਆ ਜਾਂਦਾ ਸੀ।

ਗਦਰ ਪਾਰਟੀ ਬਣਨ ਉਪਰੰਤ ਪਾਰਟੀ ਦੇ ਫੈਸਲੇ ਅਨੁਸਾਰ ਆਪ ਅੰਗਰੇਜ਼ਾਂ ਨਾਲ ਯੁੱਧ ਕਰਨ ਲਈ ਹਿੰਦੁਸਤਾਨ ਆ ਗਏ। ਗਦਰ ਦੀ ਅਸਫਲਤਾ ਤੋਂ ਬਾਅਦ ਅੰਗਰੇਜ਼ਾਂ ਨੇ ਬਾਬਾ ਵਿਸਾਖਾ ਸਿੰਘ ਨੂੰ ਫੜ ਕੇ ਉਮਰ ਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਜੇਲ੍ਹ ਭੇਜ ਦਿੱਤਾ। ਉਥੇ ਆਪ ਦੀ ਜ਼ੁਲਮ ਕਰਕੇ ਸਿਹਤ ਜ਼ਿਆਦਾ ਵਿਗੜ ਗਈ। ਡਾਕਟਰ ਨੇ ਆਪ ਨੂੰ ਮੱਛੀ ਦੀ ਤਰੀ ਪੀਣ ਲਈ ਕਿਹਾ, ਆਪ ਨਾ ਮੰਨੇ ਫਿਰ ਭਾਈ ਜਵਾਲਾ ਸਿੰਘ ਨੇ ਬਾਬਾ ਜੀ ਨੂੰ ਕਿਹਾ ਕਿ ਤੁਹਾਨੂੰ ਯਾਦ ਹੈ "ਤੁਸੀਂ ਅਮਰੀਕਾ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਬੈਠ ਕੇ ਪ੍ਰਣ ਕੀਤਾ ਸੀ ਕਿ ਸਾਡਾ ਤਨ, ਮਨ, ਧਨ, ਸਭ ਆਜ਼ਾਦੀ ਦੇ ਲੇਖੇ ਲੱਗੇਗਾ, ਪਰ ਅੱਜ ਤੁਸੀਂ ਆਪਣਾ ਸਰੀਰ 'ਮਾਸ' ਨਾ ਖਾਣ ਦੇ ਪ੍ਰਣ ਖਾਤਰ ਦੇ ਰਹੇ ਹੋ...ਦੇਸ਼ ਭਗਤ ਦਾ ਸਰੀਰ ਬਹੁਤ ਕੀਮਤੀ ਹੈ?" ਅੱਗੋਂ ਬਾਬਾ ਵਿਸਾਖਾ ਸਿੰਘ ਨੇ ਕਿਹਾ, "ਅੱਛਾ, ਆਜ਼ਾਦੀ ਦੇ ਪ੍ਰਵਾਨੇ ਜੀਓ? ਅਸੀਂ ਸਿਪਾਹੀ ਹਾਂ, ਤੁਸੀਂ ਸਾਡੇ ਜਰਨੈਲ ਹੋ। ਜੋ ਹੁਕਮ ਦਿਓਗੇ, ਸਾਨੂੰ ਮੰਨਣਾ ਪਵੇਗਾ।"

ਬਾਬਾ ਵਿਸਾਖਾ ਸਿੰਘ ਉਮਰ ਕੈਦ ਭੁਗਤ ਕੇ ਰਿਹਾਅ ਹੋ ਗਏ। ਉਹ ਹਨ ਤਾਂ ਜਾਣੀ-ਪਹਿਚਾਣੀ ਸ਼ਖਸੀਅਤ, ਉਨ੍ਹਾਂ ਨੂੰ 1920 ਵਿੱਚ 'ਸੈਂਟਰਲ ਸਿੱਖ ਲੀਗ' ਨੇ ਆਪਣੇ ਸਮਾਗਮ ਬ੍ਰੈਡਲੇ ਹਾਲ ਲਾਹੌਰ ਸੱਦ ਲਿਆ। ਉਨ੍ਹਾਂ ਨੇ ਸਮਾਗਮ ਵਿੱਚ ਬੋਲਦਿਆਂ ਸੁਝਾਅ ਦਿੱਤਾ ਕਿ 'ਸਿੱਖ ਕੈਦੀ ਪਰਵਾਰ ਸਹਾਇਕ ਕਮੇਟੀ' ਦੀ ਥਾਂ 'ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ' ਬਣਾਈ ਜਾਵੇ, ਕਿਉਂਕਿ ਸਾਰਿਆਂ ਫਿਰਕਿਆਂ ਦੀ ਦੇਸ਼ ਦੀ ਆਜ਼ਾਦੀ ਲਈ ਘਾਲਣਾ ਹੈ। ਬਾਬਾ ਜੀ ਦੀ ਗੱਲ ਮੰਨੀ ਗਈ ਤੇ 1923 ਵਿੱਚ ਕਮੇਟੀ ਬਣੀ ਤੇ ਆਪ ਉਸ ਦੇ ਬਾਨੀ ਪ੍ਰਧਾਨ ਸਨ। ਗਦਰੀ ਦੇਸ਼ ਭਗਤਾਂ ਦੀ ਯਾਦਗਾਰ ਉਸਾਰਨ ਵਾਸਤੇ 2 ਜੂਨ 1938 ਨੂੰ 'ਸੇਵਕਾਂ ਦਾ ਬੋਰਡ' ਬਣਿਆ ਬਾਬਾ ਵਿਸਾਖਾ ਸਿੰਘ ਬਣੇ।

ਉਂਝ ਭਾਵੇਂ ਬਾਬਾ ਵਿਸਾਖਾ ਸਿੰਘ ਸਿੱਖ ਧਰਮ ਵਿੱਚ ਪੂਰਨ ਵਿਸ਼ਵਾਸ ਰੱਖਦੇ ਸਨ, ਪਰ ਦੂਜੇ ਧਰਮਾਂ ਦਾ ਵੀ ਪੂਰਾ ਸਤਿਕਾਰ ਕਰਦੇ ਸਨ। ਉਨ੍ਹਾਂ ਦੇ ਧਰਮ ਬਾਰੇ ਵਿਚਾਰ ਸਨ ਕਿ, "ਮੈਨੂੰ ਸਾਰੇ ਪ੍ਰਾਣੀ ਸਕੇ ਭਰਾਵਾਂ ਸਮਾਨ ਦਿਸਦੇ ਹਨ, ਬੇਸ਼ੱਕ ਉਹ ਕਿਸੇ ਧਰਮ, ਫਿਰਕੇ ਜਾਂ ਜਾਤ ਨਾਲ ਸੰਬੰਧਤ ਹੋਣ। ਮੈਨੂੰ ਕਿਸੇ ਨਾਲ ਵੈਰ ਨਹੀਂ....ਪਰ ਜਿਹੜਾ ਬੇਗੁਨਾਹ ਤੇ ਜ਼ੁਲਮ ਕਰਦਾ ਹੈ, ਮੈਂ ਉਸ ਦਾ ਸਖਤ ਵਿਰੋਧੀ ਹਾਂ। ਅੰਗਰੇਜ ਹਿੰਦੁਸਤਾਨੀਆਂ ਦਾ ਖੂਨ ਚੂਸ ਰਹੇ ਹਨ, ਮੈਂ ਇਸ ਨੂੰ ਬਦਲਣਾ ਚਾਹੁੰਦਾ ਹਾਂ, ਇਹ ਹੀ ਹਰੇਕ ਸੱਚੇ ਸਪੂਤ ਦਾ ਜ਼ਰੂਰੀ ਧਰਮ ਹੋਣਾ ਚਾਹੀਦਾ ਹੈ।"

ਬਾਬਾ ਵਿਸਾਖਾ ਸਿੰਘ 1934 ਵਿੱਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਣ ਗਏ। ਉਨ੍ਹਾਂ ਨੂੰ ਅੰਗਰੇਜ਼ਾਂ ਨੇ ਪਿੰਡ ਵਿੱਚ ਨਜ਼ਰਬੰਦ ਕੀਤਾ ਹੋਇਆ ਸੀ ਤੇ ਮਗਰੋਂ ਸ਼੍ਰੋਮਣੀ ਕਮੇਟੀ ਨੇ ਅੰਗਰੇਜ਼ ਪ੍ਰਸਤ ਪੰਜਾਬ ਸਰਕਾਰ ਦੇ ਮੁੱਖ ਰੈਵੀਨਿਊ ਅਧਿਕਾਰੀ ਖਾਨ ਬਹਾਦਰ ਮੁਜ਼ੱਫਰ ਖਾਨ ਨੂੰ ਅਕਾਲ ਤਖਤ ਤੋਂ ਸਨਮਾਨਿਤ ਕਰ ਦਿੱਤਾ। ਇਸ ਇਵਜ਼ ਵਿੱਚ ਬਾਬਾ ਜੀ ਨੇ ਅਸਤੀਫਾ ਭੇਜ ਦਿੱਤਾ ਤੇ ਕਮੇਟੀ ਨੇ ਸੁਣਨ ਦੀ ਜਗ੍ਹਾ ਉਨ੍ਹਾਂ ਦਾ ਸਮਾਨ ਗੁਰੂ ਰਾਮਦਾਸ ਸਰਾਂ ਦੇ ਕਮਰੇ 'ਚੋਂ ਬਾਹਰ ਸੁੱਟ ਦਿੱਤਾ।

'ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ' ਤੋਂ ਬਾਅਦ 15 ਫਰਵਰੀ 1955 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਹੋਂਦ ਵਿੱਚ ਆਈ ਤੇ ਆਪ ਉਸ ਦੇ ਵੀ ਮੁੱਢਲੇ ਪ੍ਰਧਾਨ ਸਨ। ਉਨ੍ਹਾਂ ਦੀ ਰਹਿਨੁਮਾਈ ਹੇਠ ਦੇਸ਼ ਭਗਤ ਯ

5-DEC-PAGE-5.qxd 12/4/2023 10:35 PM Page 1

'ਆਪ' ਆਗੂਆਂ ਵੱਲੋਂ ਸਰਕਾਰੀ ਆਈ ਟੀ ਆਈ 'ਤੇ ਕਬਜ਼ਾ ਕਰਨ ਖਿਲਾਫ਼ ਏ ਆਈ ਐੱਸ ਐੱਫ ਵੱਲੋਂ ਰੋਸ ਪ੍ਰਦਰਸ਼ਨ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)

ਆਮ ਆਦਮੀ ਪਾਰਟੀ ਦੇ ਸਥਾਨਕ ਆਗੂਆਂ ਵੱਲੋਂ ਸਰਕਾਰੀ ਆਈਟੀਆਈ ਦੀ ਜਗ੍ਹਾ 'ਤੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਖਿਲਾਫ਼ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ ਆਈ ਐਸ ਐਫ) ਵੱਲੋਂ ਜਥੇਬੰਦੀ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ, ਆਈਟੀਆਈ ਫ਼ਾਜ਼ਿਲਕਾ ਦੇ ਪ੍ਰਧਾਨ ਆਸ਼ੀਸ਼ ਕੁਮਾਰ, ਲੜਕੀਆਂ ਦੀ ਪ੍ਰਧਾਨ ਸਪਨਾ ਤੇ ਜ਼ਿਲ੍ਹਾ ਕੌਂਸਲ ਮੈਂਬਰ ਅਸ਼ੋਕ ਢਾਬਾਂ ਦੀ ਅਗਵਾਈ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਢਾਬਾਂ ਨੇ ਦੱਸਿਆ ਕਿ ਸਰਕਾਰੀ ਆਈਟੀਆਈ ਫ਼ਾਜ਼ਿਲਕਾ ਦੀ ਜਗ੍ਹਾ 'ਤੇ ਸੱਤਾਧਾਰੀ ਪਾਰਟੀ ਦੇ ਆਗੂਆਂ ਵੱਲੋਂ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਆਈਟੀਆਈ ਫ਼ਾਜ਼ਿਲਕਾ ਦੇ ਪ੍ਰਿੰਸੀਪਲ ਵੱਲੋਂ ਲਿਖਤੀ ਦਰਖਾਸਤ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਨੂੰ ਦੇ ਦਿੱਤੀ ਗਈ ਹੈ, ਪ੍ਰੰਤੂ ਅਜੇ ਤੱਕ ਕੋਈ ਵੀ ਨਜਾਇਜ਼ ਕਬਜ਼ਾ ਕਰਨ ਵਾਲੇ ਵਿਅਕਤੀਆਂ ਖਿਲਾਫ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਜਾ ਰਹੀ। ਆਗੂਆਂ ਨੇ ਦੱਸਿਆ ਕਿ ਸਰਕਾਰੀ ਆਈਟੀਆਈ ਫ਼ਾਜ਼ਿਲਕਾ ਜ਼ਿਲ੍ਹੇ ਦੇ ਲੋਕਾਂ ਦੀ ਜਾਇਦਾਦ ਹੈ ਅਤੇ ਇਸ ਜਾਇਦਾਦ ਨੂੰ ਸੱਤਾਧਾਰੀ ਪਾਰਟੀ ਦੇ ਆਗੂਆਂ ਨੂੰ ਕਿਸੇ ਵੀ ਕੀਮਤ 'ਤੇ ਹੜੱਪਣ ਨਹੀਂ ਦਿੱਤਾ ਜਾਵੇਗਾ। ਸਾਥੀ ਧਰਮੂਵਾਲਾ ਤੇ ਸਾਥੀ ਢਾਬਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਦੋ ਦਿਨ ਦੇ ਅੰਦਰ ਸਰਕਾਰੀ ਆਈਟੀਆਈ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀਆਂ ਖਿਲਾਫ਼ ਕਾਰਵਾਈ ਨਾ ਕੀਤੀ ਗਈ ਅਤੇ ਸਰਕਾਰੀ ਆਈਟੀਆਈ ਦੀ ਜਗ੍ਹਾ ਨੂੰ ਬਚਾਉਣ ਦੀ ਕੋਸ਼ਿਸ਼ ਨਾ ਕੀਤੀ ਗਈ ਤਾਂ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਮੈਡਮ ਸੇਨੂ ਦੁੱਗਲ ਦਾ ਪੁਤਲਾ ਫੂਕਿਆ ਜਾਵੇਗਾ ਅਤੇ ਇੱਕ ਹਫ਼ਤੇ ਬਾਅਦ ਹਲਕੇ ਦੇ ਵਿਧਾਇਕ ਨਰਿੰਦਰ ਪਾਲ ਸਵਨਾ ਖਿਲਾਫ ਅਰਥੀ ਫੂਕ ਮੁਜਾਹਰਾ ਕੀਤਾ ਜਾਵੇਗਾ। ਦੱਸ ਦਈਏ ਕਿ ਬੀਤੇ ਸ਼ੁੱਕਰਵਾਰ ਦੀ ਸ਼ਾਮ ਨੂੰ ਆਮ ਆਦਮੀ ਪਾਰਟੀ ਦੇ ਕੁਝ ਆਗੂਆਂ ਵੱਲੋਂ ਆਈਟੀਆਈ ਦੀ ਬਣੀ ਦੀਵਾਰ ਨਾਲ ਇੱਟਾਂ ਅਤੇ ਰੇਤਾ ਸੁੱਟ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪ੍ਰੰਤੂ ਛੁੱਟੀ ਵਾਲੇ ਦਿਨ ਆਈਟੀਆਈ ਦੇ ਇੰਸਟਰਕਟਰਾਂ ਵੱਲੋਂ ਆ ਕੇ ਇਸ ਕਬਜ਼ੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧੀ ਆਈਟੀਆਈ ਫ਼ਾਜ਼ਿਲਕਾ ਦੇ ਵਾਈਸ ਪ੍ਰਿੰਸੀਪਲ ਅੰਗਰੇਜ਼ ਸਿੰਘ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਸੱਚਮੁੱਚ ਸਰਕਾਰੀ ਆਈਟੀਆਈ ਫ਼ਾਜ਼ਿਲਕਾ 'ਤੇ ਨਜਾਇਜ਼ ਤੌਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਖਿਲਾਫ਼ ਅਸੀਂ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਅਤੇ ਪੁਲਿਸ ਪ੍ਰਸ਼ਾਸਨ ਨੂੰ ਵੀ ਲਿਖਤੀ ਦਰਖਾਸਤਾਂ ਭੇਜ ਦਿੱਤੀਆਂ ਹਨ। ਹੋਰਾਂ ਤੋਂ ਇਲਾਵਾ ਨੌਜਵਾਨ ਆਗੂ ਗੁਰਦਿਆਲ ਸਿੰਘ, ਆਈ ਟੀ ਆਈ ਫ਼ਾਜ਼ਿਲਕਾ ਦੇ ਪ੍ਰਧਾਨ ਆਸੀਸ ਕੁਮਾਰ, ਲੜਕੀਆਂ ਦੀ ਪ੍ਰਧਾਨ ਸਪਨਾ ਅਤੇ ਜ਼ਿਲ੍ਹਾ ਕੌਂਸਲ ਮੈਂਬਰ ਅਸ਼ੋਕ ਢਾਬਾਂ ਨੇ ਵੀ ਸੰਬੋਧਨ ਕੀਤਾ। ਇਸ ਸਬੰਧੀ ਜਦੋਂ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਮੈਡਮ ਸੇਨੂ ਦੁੱਗਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨਜਾਇਜ਼ ਕਬਜ਼ਾ ਕਰਨ ਵਾਲੇ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਉਹ ਹੁਣੇ ਹੀ ਤਹਿਸੀਲਦਾਰ ਸਾਹਿਬ ਨੂੰ ਭੇਜ ਕੇ ਇਸ ਦੀ ਜਾਂਚ ਕਰਾਉਣਗੇ।

ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਕਾਮੇ 9 ਨੂੰ ਕਰਨਗੇ ਜੰਗਲਾਤ ਮੰਤਰੀ ਦੇ ਹਲਕੇ 'ਚ ਰੋਸ ਰੈਲੀ

ਜੀਰਾ (ਨਰਿੰਦਰ ਅਨੇਜਾ)-ਜੰਗਲਾਤ ਵਰਕਰਜ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਫਿਰੋਜਪੁਰ ਦੀ ਅਹਿਮ ਮੀਟਿੰਗ ਪ੍ਰਧਾਨ ਨਿਸ਼ਾਨ ਸਿੰਘ ਸ਼ਹਿਜਾਦੀ ਸਰਕਲ ਜਰਨਲ ਸਕੱਤਰ ਗੁਰਬੀਰ ਸਿੰਘ ਸਹਿਜਾਦੀ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਪ ਸ ਸ ਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਸਾਮਲ ਹੋਏ । ਮੀਟਿੰਗ ਨੂੰ ਸੰਬੋਧਨ ਕਰਦਿਆਂ ਨਿਸਾਨ ਸਿੰਘ ਸਹਿਜਾਦੀ, ਗੁਰਦੇਵ ਸਿੰਘ ਸਿੱਧੂ, ਗੁਰਬੀਰ ਸਿੰਘ ਸਹਿਜਾਦੀ, ਜਸਵਿੰਦਰ ਰਾਜ ਸਿੰਘ ਨੇ ਕਿਹਾ ਕਿ ਜਥੇਬੰਦੀ ਦੀ 22 ਨਵੰਬਰ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੌਰਾਨ ਬਹੁਤ ਸਾਰੀਆਂ ਮੰਗਾਂ ਤੇ ਸਹਿਮਤੀ ਹੋਈ ਸੀ ਅਤੇ ਇਨ੍ਹਾਂ ਮੰਗਾਂ ਨੂੰ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜੰਗਲਾਤ ਮੰਤਰੀ ਨੇ ਪਿਛਲੀਆਂ ਮੀਟਿੰਗਾਂ ਵਿੱਚ ਜਥੇਬੰਦੀ ਨਾਲ ਮੰਗਾਂ ਤੇ ਸਹਿਮਤੀ ਪ੍ਰਗਟਾਈ ਸੀ ਪਰ ਲਾਗੂ ਨਹੀਂ ਕੀਤੀਆਂ ਗਈਆਂ। ਇਨ੍ਹਾਂ ਮੰਗਾਂ ਨੂੰ ਲਾਗੂ ਕਰਾਉਣ ਲਈ ਸਾਰੇ ਪੰਜਾਬ ਦੇ ਸਾਥੀਆਂ ਦੀ ਸਹਿਮਤੀ ਨਾਲ ਜੰਗਲਾਤ ਮੰਤਰੀ ਦੇ ਹਲਕਾ ਭੋਆ ਵਿਖੇ 9 ਦਸੰਬਰ ਨੂੰ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਥੇਬੰਦੀ ਜੰਗਲਾਤ ਵਿਭਾਗ ਦੇ ਕਾਮਿਆਂ ਨੂੰ ਪੱਕਾ ਕਰਾਉਣ ਲਈ ਵਿੱਦਿਅਕ ਯੋਗਤਾ ਹਟਵਾਉਣ, ਦਰਜਾ ਚਾਰ ਦੀ ਸੇਵਾ ਮੁਕਤੀ 58 ਤੋਂ 60 ਸਾਲ ਕਰਨ, ਲਗਾਤਾਰ 10 ਸਾਲ ਦੀ ਮੰਗ ਨੂੰ ਲੈ ਕੇ ਤੇ 2004 ਤੋਂ ਪਹਿਲਾਂ ਜਿਹੜੇ ਵਿਭਾਗ ਵਿਚ ਲੱਗੇ ਹੋਏ ਹਨ ਉਨਾਂ ਕਾਮਿਆਂ ਨੂੰ ਪੁਰਾਣੀ ਪੈਨਸ਼ਨ ਲਾਗੂ ਕਰਨ, ਵਿਭਾਗ ਦੀ ਸੀਨੀਅਰ ਸੂਚੀ ਵਿੱਚ ਦਰਜ 1-5 ਸਾਲ ਤੱਕ ਦੇ ਕਾਮਿਆਂ ਨੂੰ ਕੰਮ ਤੋਂ ਹਟਾਇਆ ਜਾ ਰਿਹਾ ਹੈ। ਇਨ੍ਹਾਂ ਮੰਗਾਂ ਨੂੰ ਹੱਲ ਕਰਵਾਉਣ ਲਈ ਜੰਗਲਾਤ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਦੇ ਹਲਕਾ ਭੋਆ ਵਿਖੇ 9 ਦਸੰਬਰ ਦੀ ਰੈਲੀ ਵਿਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ।

ਭਾਰਤੀ ਮਜ਼ਦੂਰ ਸੰਘ ਵੱਲੋਂ ਮਨਿਸਟ੍ਰੀਅਲ ਸਟਾਫ਼ ਯੂਨੀਅਨ ਦੇ ਸੰਘਰਸ਼ ਦਾ ਸਮਰਥਨ

ਮੋਗਾ (ਅਮਰਜੀਤ ਬੱਬਰੀ)

ਰਾਸ਼ਟਰ ਪੱਧਰੀ ਟਰੇਡ ਯੂਨੀਅਨ ਭਾਰਤੀਆ ਮਜ਼ਦੂਰ ਸੰਘ ਜ਼ਿਲ੍ਹਾ ਮੋਗਾ ਨੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਅਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਪ੍ਰਦੇਸ਼ ਭਰ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਮਨੀਸਟੀਰਿਅਲ ਸਟਾਫ ਯੂਨੀਅਨ ਪੰਜਾਬ ਦੇ ਸੱਦੇ 'ਤੇ ਬੀਤੇ 25-26 ਦਿਨਾਂ ਤੋਂ ਕੀਤੀ ਜਾ ਰਹੀ ਕਲਮ ਛੋੜ ਹੜਤਾਲ ਨੂੰ ਜਾਇਜ਼ ਦੱਸਦਿਆਂ ਪੰਜਾਬ ਸਟੇਟ ਦੇ ਮਨੀਸਟੀਰਿਅਲ ਸਟਾਫ ਸਰਵਸਿਜ਼ ਯੂਨੀਅਨ ਵੱਲੋਂ ਵਿੱਢੇ ਸੰਘਰਸ਼ ਦਾ ਸਮਰਥਨ ਕਰਦਿਆਂ ਦਫ਼ਤਰੀ ਕ੍ਰਮਚਾਰੀਆਂ ਦੇ ਪੱਖ ਵਿੱਚ ਹਾਂ ਦਾ ਨਾਅਰਾ ਲਾਇਆ ਹੈ ਅਤੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।

ਭਾਰਤੀਯ ਮਜ਼ਦੂਰ ਸੰਘ ਵਰਕਰਾਂ ਨੇ ਦਫਤਰੀ ਕ੍ਰਮਚਾਰੀਆਂ ਦੇ ਪੱਖ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਪੰਜਾਬ ਸਰਕਾਰ ਤੋਂ ਇਨ੍ਹਾਂ ਦਫ਼ਤਰੀ ਕ੍ਰਮਚਾਰੀਆਂ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰਨ ਦੀ ਮੰਗ ਕੀਤੀ।ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਰਕਾਰੀ ਕ੍ਰਮਚਾਰੀਆਂ ਦੀਆਂ ਮੰਗਾਂ ਸਰਕਾਰ ਬਣਨ 'ਤੇ ਤੁਰੰਤ ਬਾਅਦ ਸਵੀਕਾਰ ਕਰਨ ਦਾ ਵਾਅਦਾ ਕੀਤਾ ਸੀ, ਜਿਸ ਕਾਰਨ ਪੰਜਾਬ ਦੇ ਕੁੱਲ ਮੁਲਾਜ਼ਮਾਂ ਨੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਸਨ, ਪ੍ਰੰਤੂ ਸਰਕਾਰ ਨੇ ਪੰਜਾਬ ਦੇ ਮੁਲਾਜ਼ਮਾਂ ਨਾਲ ਵਾਅਦਾ ਖਿਲਾਫੀ ਕੀਤੀ ਹੈ, ਜਿਸ ਕਾਰਨ ਆਪਣੀਆਂ ਮੰਗਾਂ ਪ੍ਰਵਾਨ ਕਰਾਉਣ ਲਈ ਮੁਲਾਜ਼ਮਾਂ ਨੂੰ ਮਜਬੂਰਨ ਸੰਘਰਸ਼ ਕਰਨਾ ਪੈ ਰਿਹਾ ਹੈ।

ਵਿਜੇ ਧੀਰ ਨੇ ਕਿਹਾ ਕਿ ਬਗੈਰ ਅੰਦੋਲਨ ਤੋਂ ਆਪਣੇ ਆਪ ਮੁਲਾਜ਼ਮ ਜਥੇਬੰਦੀਆਂ ਦੀਆਂ ਮੰਗਾਂ ਨਾ ਮੰਨਣਾ ਸਰਕਾਰਾਂ ਦੀ ਪੁਰਾਣੀ ਆਦਤ ਹੈ ਅਤੇ ਮੌਜੂਦਾ ਸਰਕਾਰ ਵੀ ਇਸ ਰਵਾਇਤ ਦੀ ਹੀ ਪਾਲਣਾ ਕਰ ਰਹੀ ਹੈ।ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਦੀ ਸਾਂਝੀ ਮੰਗ ਪੁਰਾਣੀ ਪੈਨਸ਼ਨ ਨੂੰ ਤੁਰੰਤ ਬਹਾਲ ਕਰਨਾ ਅਤੇ ਡੀ ਏ ਦੀਆਂ ਰੋਕੀਆਂ ਕਿਸ਼ਤਾਂ ਤੁਰੰਤ ਜਾਰੀ ਕਰਨੀਆਂ ਅਤੇ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਤੁਰੰਤ ਪੂਰੇ ਕਰਨੇ ਚਾਹੀਦੇ ਹਨ ਤਾਂ ਜੁ ਪੰਜਾਬ ਵਿੱਚ ਸੁਖਾਵਾਂ ਮਾਹੌਲ ਬਣ ਸਕੇ ਤਾਂ ਜੁ ਮੁਲਾਜ਼ਮ ਅਪਣੀਆਂ ਸੇਵਾਵਾਂ ਜਨਤਾ ਨੂੰ ਸ਼ਿੱਦਤ ਨਾਲ ਦੇ ਸਕਣ।ਵਿਜੇ ਧੀਰ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਮਨਿਸਟ੍ਰੀਅਲ ਸਟਾਫ਼ ਯੂਨੀਅਨ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰਨ ਦੀ ਮੰਗ ਕੀਤੀ।

ਕਾਤਰਾਂ

ਚੋਰੀ ਦਾ ਮਾਲ ਟਰੱਕਾਂ 'ਚੋਂ ਉਤਾਰਨ ਦੇ ਦੋਸ਼ ਹੇਠ ਕਬਾੜੀਆ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਟਰੱਕ ਚਾਲਕਾਂ ਨਾਲ ਮਿਲੀਭੁਗਤ ਕਰਕੇ ਚੋਰੀ ਦਾ ਸਮਾਨ ਖਰੀਦਣ ਦੇ ਦੋਸ਼ ਹੇਠ ਬ੡ਾਲੀ ਆਲਾ ਸਿੰਘ ਪੁਲਿਸ ਵੱਲੋਂ ਇੱਕ ਕਬਾੜੀਏ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਜਸਮੇਰ ਸਿੰਘ ਨੂੰ ਮੁਖਬਰੀ ਮਿਲੀ ਸੀ ਕਿ ਇਸਬਾਲ ਉਰਫ ਬੱਬੂ ਮੂਲ ਵਾਸੀ ਬਲਰਾਮਪੁਰ (ਯੂ.ਪੀ.) ਜਿਸ ਨੇ ਬ੡ਾਲੀ ਆਲਾ ਸਿੰਘ ਤੋਂ ਚੰਡੀਗੜ੍ਹ ਨੂੰ ਜਾਂਦੀ ਸੜਕ 'ਤੇ ਵਿਰਸਾ ਢਾਬਾ ਨਜ਼ਦੀਕ ਕਬਾੜ ਦਾ ਕੰਮ ਕੀਤਾ ਹੋਇਆ ਹੈ, ਟਰੱਕ ਚਾਲਕਾਂ ਨਾਲ ਮਿਲੀਭੁਗਤ ਕਰਕੇ ਟਰੱਕਾਂ 'ਚ ਹੋਰ ਜਗ੍ਹਾ ਲਈ ਲੋਡ ਕੀਤੇ ਐਂਗਲ, ਸਰੀਆ ਤੇ ਪਾਈਪ ਆਦਿ ਸਮਾਨ ਅਸਲ ਮਾਲਕਾਂ ਤੋਂ ਪੁੱਛੇ ਬਿਨਾਂ ਉਤਾਰ ਲੈਂਦਾ ਹੈ। ਮੁਖਬਰੀ ਮਿਲਣ 'ਤੇ ਪੁਲਸ ਪਾਰਟੀ ਨੇ ਮੌਕੇ 'ਤੇ ਛਾਪੇਮਾਰੀ ਕੀਤੀ ਤਾਂ ਉਕਤ ਵਿਅਕਤੀ ਵੱਲੋਂ ਟਰੱਕ 'ਚੋਂ ਸਕਰੈਪ ਉਤਾਰਿਆ ਜਾ ਰਿਹਾ ਸੀ, ਜਿਸ 'ਤੇ ਥਾਣਾ ਬڈਾਲੀ ਆਲਾ ਸਿੰਘ ਵਿਖੇ ਇਸਬਾਲ ਉਰਫ਼ ਬੱਬੂ ਅਤੇ ਨਾਮਾਲੂਮ ਟਰੱਕ ਚਾਲਕ ਵਿਰੁੱਧ ਅ/ਧ 379,120ਬੀ,411 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਦੇ ਹੋਏ ਇਸਬਾਲ ਉਰਫ਼ ਬੱਬੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ ਨੇ ਵਿਦਿਆਰਥੀ ਗੁਰਪ੍ਰੀਤ ਸਿੰਘ ਸਪੁੱਤਰ ਰਾਜਿੰਦਰ ਸਿੰਘ ਵਾਸੀ ਪਿੰਡ ਖੋਸਾ ਰਣਧੀਰ ਦਾ ਇਕ ਰਿਵਿਊਜ਼ਲ ਹੋਣ ਦੇ ਬਾਵਜੂਦ ਕੈਨੇਡਾ ਦਾ ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿਚ ਲਗਵਾ ਕੇ ਦਿੱਤਾ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਨੇ ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ

ਬਾਘਾ ਪੁਰਾਣਾ (ਮਨੀ ਸਿੰਗਲਾ)-ਵੀਜ਼ਨ ਐਜੂਕੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਅਤੇ ਇਕਬਾਲ ਸਿੰਘ ਢਿੱਲੋਂ ਨੇ ਕਿਹਾ ਕਿ ਸੰਸਥਾ ਦੇ ਮਿਹਨਤੀ ਅਤੇ ਤਜਰਬੇਕਾਰ ਸਟਾਫ਼ ਦਾ ਹੀ ਨਤੀਜਾ ਹੈ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਧੜਾਧੜ ਵੀਜੇ ਲਵਾਏ ਜਾ ਰਹੇ ਹਨ। ਡਾਇਰੈਕਟਰ ਨੇ ਦੱਸਿਆ ਕਿ ਇਸੇ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਵੱਲੋਂ ਇਸ ਵਾਰ ਨਵਜੋਤ ਕੌਰ ਪੁੱਤਰੀ ਲਖਵੀਰ ਸਿੰਘ ਵਾਸੀ ਸੰਗਤਪੁਰਾ (ਮੋਗਾ) ਦਾ ਕੈਨੇਡਾ ਦਾ ਸਟੂਡੈਂਟ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਵਾ ਕੇ ਵਿਦੇਸ਼ ਪੜ੍ਹਾਈ ਕਰਨ ਦਾ ਸੁਪਨਾ ਸਾਕਾਰ ਕੀਤਾ। ਇਸ ਮੌਕੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਅਤੇ ਇਕਬਾਲ ਸਿੰਘ ਢਿੱਲੋਂ ਅਤੇ ਨੰਦ ਸਿੰਘ ਬਰਾੜ ਐਮ.ਸੀ ਨੇ ਨਵਜੋਤ ਕੌਰ ਅਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ।

ਬਾਰ ਚੋਣਾਂ ਲਈ ਕਰਮਜੀਤ ਸਿੰਘ ਰੰਧਾਵਾ ਪ੍ਰਧਾਨਗੀ ਤੇ ਹਰਮਨਦੀਪ ਸਿੰਘ ਸਿੱਧੂ ਸੈਕਟਰੀ ਲਈ ਚੋਣ ਮੈਦਾਨ 'ਚ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਰ ਐਸੋਸੀਏਸ਼ਨ ਵੱਲੋਂ ਚੋਣਾਂ ਕਰਵਾਉਣ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਐਡਵੋਕੇਟ ਹਰਿੰਦਰਪਾਲ ਸਿੰਘ, ਐਡਵੋਕੇਟ ਹਰਪ੍

page-6-5-Dec.-2023-(SM).qxd 12/4/2023 11:05 PM Page 1

ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਲਈ 9 ਨੂੰ ਪੋਲਿੰਗ ਸਟੇਸ਼ਨਾਂ 'ਤੇ ਲੱਗਣਗੇ ਕੈਂਪ

ਗੁਰਦਾਸਪੁਰ (ਜਨਕ ਮਹਾਜਨ, ਦਿਨੇਸ਼ ਕੁਮਾਰ)- ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਯੋਗਤਾ ਮਿਤੀ 1 ਜਨਵਰੀ 2024 ਦੇ ਆਧਾਰ 'ਤੇ ਫੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਕੀਤੀ ਜਾ ਰਹੀ ਹੈ। ਇਸ ਸੰਬੰਧੀ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਵਿਧਾਨ ਸਭਾ ਚੋਣ ਹਲਕਿਆਂ 'ਚ ਨਿਯੁਕਤ ਕੀਤੇ ਗਏ ਬੂਥ ਲੈਵਲ ਅਫਸਰਾਂ ਵੱਲੋਂ 9 ਦਸੰਬਰ ਦਿਨ ਸ਼ਨੀਵਾਰ ਨੂੰ ਆਪਣੇ-ਆਪਣੇ ਨਿਰਧਾਰਿਤ ਪੋਲਿੰਗ ਸਟੇਸ਼ਨਾਂ 'ਤੇ ਸਪੈਸ਼ਲ ਕੈਂਪ ਲਗਾਏ ਜਾਣੇ ਹਨ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕੋਈ ਵੀ ਯੋਗ ਵਿਅਕਤੀ ਜਿਸ ਦੀ ਉਮਰ 1 ਜਨਵਰੀ 2024 ਨੂੰ 18 ਸਾਲ ਪੂਰੀ ਹੋ ਜਾਂਦੀ ਹੈ ਅਤੇ ਉਸ ਦਾ ਨਾਂਅ ਭਾਰਤ ਦੇਸ਼ ਦੇ ਕਿਸੇ ਵੀ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਸਾਮਿਲ ਨਹੀਂ ਹੈ ਤਾਂ ਉਹ ਆਪਣਾ ਨਾਂਅ ਵੋਟਰ ਸੂਚੀ ਵਿਚ ਸ਼ਾਮਿਲ ਕਰਵਾਉਣ ਲਈ ਫਾਰਮ ਨੰਬਰ 6 ਭਰਕੇ ਦਰੁਸਤੀ ਅਤੇ ਇਕ ਪੋਲਿੰਗ ਏਰੀਏ ਤੋਂ ਦੂਜੇ ਪੋਲਿੰਗ ਏਰੀਏ ਵਿਚ ਸਿਫਟ ਕਰਕੇ ਨਵੇਂ ਪੋਲਿੰਗ ਏਰੀਏ ਵਿਚ ਆਪਣਾ ਨਾਂਅ ਰਜਿਸਟਰ ਕਰਵਾਉਣ ਅਤੇ ਆਪਣਾ ਡੁਪਲੀਕੇਟ ਵੋਟਰ ਸ਼ਨਾਖਤੀ ਕਾਰਡ ਬਣਵਾਉਣ ਲਈ ਫਾਰਮ ਨੰਬਰ 8 ਭਰਕੇ ਸਬੰਧਤ ਪੋਲਿੰਗ ਸਟੇਸ਼ਨ ਦੇ ਬੂਥ ਲੇਵਲ ਅਫਸਰ, ਸਬੰਧਤ ਚੋਣਕਾਰ/ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ ਜਾਂ ਜਿਲ੍ਹਾ ਚੋਣ ਦਫ਼ਤਰ ਵਿਖੇ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਇਹ ਫਾਰਮ ਆਨਲਾਈਨ ਵਿਧੀ ਰਾਹੀਂ ਭਾਰਤ ਚੋਣ ਕਮਿਸ਼ਨ ਦੇ ਪੋਰਟਲ **https://voters.eci.gov.in/iK VOTER HELPLINE Mobile App** 'ਤੇ ਲੋੜੀਂਦੇ ਦਸਤਾਵੇਜ਼ (ਬਿਨੈਕਾਰ ਦੀ ਫੋਟੋ, ਉਮਰ ਸਬੰਧੀ ਅਤੇ ਰਿਹਾਇਸ਼ ਸਬੰਧੀ ਦਸਤਾਵੇਜ਼) ਅਪਲੋਡ ਕਰਕੇ ਆਪਣਾ ਦਾਅਵਾ ਜਾਂ ਇਤਰਾਜ ਦਿੱਤਾ ਜਾ ਸਕਦਾ ਹੈ। ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਆਮ ਜਨਤਾ/ਵੋਟਰਾਂ ਨੂੰ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਕਿ ਉਹ ਚੋਣ ਕਮਿਸ਼ਨ ਵਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ਦਾ ਫਾਇਦਾ ਉਠਾਉਣ ਅਤੇ ਵੋਟਰ ਸੂਚੀ ਵਿਚ ਆਪਣਾ ਨਾਂਅ ਸ਼ਾਮਲ ਕਰਵਾਉਣ/ਕਟਵਾਉਣ ਜਾਂ ਕਿਸੇ ਤਰ੍ਹਾਂ ਦੀ ਸੋਧ ਕਰਨ ਲਈ ਸਬੰਧਤ ਫਾਰਮ ਭਰ ਕੇ ਜਰੂਰ ਜ਼ਮ੍ਹਾ ਕਰਵਾਉਣ ਤਾਂ ਜੋ ਕੋਈ ਵੀ ਯੋਗ ਵਿਅਕਤੀ ਆਪਣੀ ਵੋਟ ਦੇ ਹੱਕ ਤੋਂ ਵਾਂਝਾ ਨਾ ਰਹੇ।

ਮੈਰੀਟੋਰੀਅੰਸ ਸਕੂਲ ਵਿਖੇ ਖਾਣ ਪੀਣ ਦੇ ਸਮਾਨ ਦੀ ਕੀਤੀ ਸੈਂਪਲਿੰਗ

ਗੁਰਦਾਸਪੁਰ (ਦਿਨੇਸ਼ ਕੁਮਾਰ) ਕਮਿਸ਼ਨਰ ਫੂਡ ਸੇਫਟੀ ਪੰਜਾਬ ਡਾ. ਅਭਿਨਵ ਤਰਿਖਾ, ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਅਤੇ ਸਿਵਲ ਸਰਜਨ ਡਾਕਟਰ ਹਰਭਜਨ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਫੂਡ ਸੇਫਟੀ ਅਫਸਰ ਰੇਖਾ ਸ਼ਰਮਾ ਵੱਲੋਂ ਮੈਰੀਟੋਰੀਅੰਸ ਸਕੂਲ ਗੁਰਦਾਸਪੁਰ ਵਿਖੇ ਖਾਣ ਪੀਣ ਦੀਆਂ ਵਸਤਾਂ ਦੀ ਚੈਕਿੰਗ ਕੀਤੀ। ਇਸ ਸੰਬੰਧੀ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਨੇ ਦਸਿਆ ਕਿ ਸਕੂਲ ਵਿਚ ਕਵਾਲਿਟੀ ਕੰਟਰੋਲ ਤਹਿਤ ਖਾਣ ਪੀਣ ਦੇ ਸਮਾਨ ਦੀ ਚੈਕਿੰਗ ਕੀਤੀ ਗਈ। ਕੁੱਲ 5 ਸੈਂਪਲ ਲਏ ਗਏ। ਇਹ ਸੈਂਪਲ ਜਾਂਚ ਲਈ ਲੈਬ ਵਿਚ ਭੇਜੇ ਜਾਣਗੇ। ਉਨ੍ਹਾ ਸਕੂਲ ਮੁਖੀ ਨੂੰ ਹਿਦਾਇਤ ਕੀਤੀ ਕਿ ਫੂਡ ਸੇਫਟੀ ਐਕਟ ਅਧੀਨ ਖਾਣ ਪੀਣ ਦੇ ਸਮਾਨ ਦੀ ਕਵਾਲਿਟੀ ਬਰਕਰਾਰ ਰੱਖੀ ਜਾਵੇ।

ਤਿੰਨ ਸੂਬਿਆਂ 'ਚ ਹੋਈ ਜਿੱਤ 'ਤੇ ਭਾਜਪਾਈਆਂ ਨੇ ਲੱਡੂ ਵੰਡੇ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਸ਼ਹਿਰ ਧਾਰੀਵਾਲ 'ਚ ਭਾਜਪਾ ਆਗੂਆਂ ਅਤੇ ਵਰਕਰਾਂ ਨੇ ਤਿੰਨ ਸੂਬਿਆਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਵੱਡੇ ਫ਼ਰਕ ਨਾਲ ਹੋਈ ਜਿੱਤ ਦੀ ਖੁਸ਼ੀ ਵਿੱਚ ਭਾਜਪਾ ਦੇ ਸੀਨੀਅਰ ਆਗੂ ਨਵਨੀਤ ਵਿੱਜ ਦੀ ਅਗਵਾਈ ਵਿੱਚ ਢੋਲ ਢਮੱਕੇ ਨਾਲ ਖੁਸ਼ੀ ਦੇ ਜ਼ਸਨ ਮਨਾਏ ਅਤੇ ਲੱਡੂ ਵੰਡੇ। ਇਸ ਮੌਕੇ ਸੀਨੀਅਰ ਭਾਜਪਾ ਆਗੂ ਨਵਨੀਤ ਵਿੱਜ ਨੇ ਕਿਹਾ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿਣੀ ਅਤੇ ਕਥਨੀ ਦੇ ਪੂਰੇ ਹਨ, ਉਹ ਜੋ ਵੀ ਵਾਅਦੇ ਦੇਸ਼ ਦੇ ਲੋਕਾਂ ਨਾਲ ਕਰਦੇ ਹਨ ਉਹ ਵਾਅਦੇ ਪੂਰੇ ਕਰ ਵਿਖਾਉਂਦੇ ਹਨ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵਲੋਂ ਦੇਸ਼ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦਿੱਤੀਆਂ ਪ੍ਰਦਾਨ ਕਰਨ ਤੋਂ ਇਲਾਵਾ ਹਰੇਕ ਵਰਗ ਦੇ ਲੋਕਾਂ ਨੂੰ ਲੋੜੀਂਦੀਆਂ ਹੋਰ ਵੱਖ ਵੱਖ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਭਾਜਪਾ ਦਾ ਝੰਡਾ ਇਸੇ ਤਰ੍ਹਾਂ ਬੁਲੰਦ ਰਹੇਗਾ। ਇਸ ਮੌਕੇ ਭਾਜਪਾ ਆਗੂ ਨਵਨੀਤ ਵਿੱਜ ਦੇ ਨਾਲ ਰਾਜੇਸ਼ ਸੂਦ, ਸੰਜੀਵ ਵਿੱਜ, ਸੁਰਿੰਦਰ ਸ਼ਰਮਾ,ਡਾ: ਮੁਨੀਸ਼ ਗੌਤਮ, ਹੈਪੀ, ਸੂਦ, ਗਗਨਦੀਪ ਸਿੰਘ ਚਾਹਲ, ਅਜੈ ਮਹਾਜਨ, ਜਸਬੀਰ ਸਿੰਘ ਸੁਜਾਨਪੁਰ, ਅਸ਼ਵਨੀ ਕੁਮਾਰ, ਸੰਨੀ ਮਹਾਜਨ, ਮੁਕੇਸ਼ ਕੁਮਾਰ, ਮਨੀ ਮਹਾਜਨ, ਹਿਤੇਸ਼ ਮਹਾਜਨ, ਲੱਕੀ ਖੋਸਲਾ ਆਦਿ ਭਾਜਪਾ ਆਗੂ ਤੇ ਵਰਕਰ ਹਾਜ਼ਰ ਸਨ।

ਤਿੰਨ ਰਾਜਾਂ ਦੀਆਂ ਚੋਣਾਂ 'ਚ 'ਆਪ' ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ : ਬੀਬੀ ਘਨੌਰੀ

ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਚੋਣ ਨਤੀਜੇ ਭਾਜਪਾ ਦੇ ਹੱਕ 'ਚ ਆਉਣ ਨਾਲ ਭਾਜਪਾ ਦਾ ਜਨਆਧਾਰ ਹੋਰ ਮਜਬੂਤ ਹੋਇਆ ਅਤੇ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਹੈ। ਇਹ ਪ੍ਰਗਟਾਵਾ ਭਾਜਪਾ ਆਗੂ ਸਾਬਕਾ ਵਿਧਾਇਕਾ ਬੀਬੀ ਹਰਚੰਦ ਕੌਰ ਘਨੌਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਦੋ ਮੁੱਖ ਮੰਤਰੀਆਂ ਵੱਲੋਂ ਆਪਣੇ ਲਾਮ-ਲਸ਼ਕਰ ਸਮੇਤ ਚੋਣ ਪ੍ਰਚਾਰ ਦੌਰਾਨ ਜਹਾਜ਼ਾਂ ਦੇ ਝੂਟਿਆਂ ਉੱਪਰ ਕਰੋੜਾਂ ਰੁਪਏ ਨਜਾਇਜ਼ ਤੌਰ 'ਤੇ ਖਰਚਣ ਦੇ ਬਾਵਜੂਦ ਕੋਈ ਵੀ ਨਤੀਜਾ ਸਾਹਮਣੇ ਨਹੀਂ ਆਇਆ, ਜਿਸ ਕਰਕੇ ਚੋਣਾਂ ਵਿੱਚ ਵੱਡੇ ਵੱਡੇ ਬਿਆਨ ਦਾਗਣ ਵਾਲੇ 'ਆਪ' ਆਗੂ ਹੁਣ ਲੋਕਾਂ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਰਹੇ।

ਕਾਂਗਰਸ ਹਾਈਕਮਾਂਡ ਵੱਲੋਂ ਕੋਈ ਯੋਗ ਅਗਵਾਈ ਨਾ ਦੇ ਸਕਣ ਅਤੇ ਆਪਸੀ ਗੁੱਟਬੰਦੀ ਭਾਜਪਾ ਲਈ ਫ਼ਾਇਦੇਬੰਦ ਸਾਬਤ ਹੋਈ ਹੈ। ਬੀਬੀ ਘਨੌਰੀ ਨੇ ਦਾਅਵੇ ਨਾਲ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਕੰਮਾਂ, ਸਰਕਾਰ ਦੀਆਂ ਨੀਤੀਆਂ ਤੋਂ ਦੇਸ਼ ਦੇ ਲੋਕ ਪੂਰੀ ਸੰਤੁਸ਼ਟ ਹਨ, ਜਿਸ ਸਦਕਾ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਸ਼ਾਨਦਾਰ ਫ਼ਤਿਹ ਹਾਸਲ ਕਰਕੇ ਕੇਂਦਰ ਵਿੱਚ ਮੁੜ ਸਰਕਾਰ ਕਾਇਮ ਕਰੇਗੀ। ਇਸ ਮੌਕੇ ਭਾਜਪਾ ਆਗੂ ਅਮਨ ਕੁਮਾਰ, ਦਲੀਪ ਸਿੰਘ, ਮੋਹਿਤ ਸ਼ਰਮਾ, ਯਾਦਵਿੰਦਰ ਸ਼ੰਟੀ, ਗੁਰਮੀਤ ਬਾਵਾ, ਸੇਵਕ ਸਿੰਘ ਲਾਲੀ, ਜਗਸੀਰ ਸਿੰਘ ਠੀਕਰੀਵਾਲ, ਜਸਪ੍ਰੀਤ ਸਿੰਘ ਹੈਪੀ ਠੀਕਰੀਵਾਲਾ ਤੇ ਪਰਮਜੀਤ ਕੌਰ ਚੀਮਾ ਆਦਿ ਹਾਜ਼ਰ ਸਨ।

ਕਲਾਸੀਫਾਈਡ ਇਸ਼ਤਿਹਾਰ

Public Notice

I, Asha Rani W/O Late Surinder Singh, resident of Kishanpur, Jalandhar, Punjab declare that Gurpal Singh is my only son his wife Pooja is out of my control. So I Disown with them from my Moveable/Immovable Property. If anybody dealing with them at his/her own risk.

I, Sarbjit Singh S/o Gian Singh R/o H.No. W.S- 376, Near Neel Kanth Mandir, Bania Mohalla, Basti Sheikh, Jalandhar declare that in the school record of my son his name wrongly mentioned as Harman Preet Singh Kalra instead of Harman Preet Singh and his father's name wrongly written as Sarbjit Singh Kalra instead of Sarbjit Singh and also his mother's name wrongly written as Poonamjit Kaur Kalra instead of Poonamjit Kaur.

I, Tarsem Singh S/o Garib Singh R/o Village Bhatnura Lubana, Distt. Jalandhar, Punjab declare that my son Harjinder Singh & his wife Sandeep Kaur alongwith two children are out of my control. I disinherit them from my movable and immovable properties. I and my family shall not be held responsible for any of their acts deeds and things. All please note.

ਆਮ ਸੂਚਨਾ

ਮੈਂ ਚਮਕੌਰ ਸਿੰਘ ਪੁੱਤਰ ਸ੍ਰੀ ਬਲਜੀਤ ਸਿੰਘ ਵਾਸੀ ਰਾਮਾ ਜ਼ਿਲ੍ਹਾ ਮੋਗਾ ਵੱਲੋਂ ਇਸ ਦਫਤਰ ਵਿਖੇ ਇੱਕ ਏ ਪੀ ਕੁਨੈਕਸ਼ਨ ਖਾਤਾ ਨੰਬਰ ਏ ਪੀ 110086 ਜੋ ਕਿ ਸੇਵਕ ਸਿੰਘ ਉਰਫ ਬਲਵੀਰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਰਾਮਾ ਦੇ ਨਾਂਅ 'ਤੇ ਚੱਲਦਾ ਹੈ, ਆਪਣੇ ਨਾਂਅ 'ਤੇ ਕਰਾਉਣ ਦੀ ਦਰਖਾਸਤ ਦਿੱਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਦਫਤਰ ਵਿਖੇ ਲਿਖਤੀ ਰੂਪ ਵਿੱਚ ਇਤਰਾਜ਼ 30 ਦਿਨਾਂ ਦੇ ਅੰਦਰ ਦੇ ਸਕਦਾ ਹੈ। ਇਸ ਉਪਰੰਤ ਕੁਨੈਕਸ਼ਨ ਦਰਖਾਸਤ ਕਰਤਾ ਦੇ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ। ਉੱਪ ਮੰਡਲ ਅਫਸਰ ਪੀ ਐੱਸ ਪੀ ਸੀ ਐੱਲ ਬਿਲਾਸਪੁਰ। ਸਹਾਇਕ ਇੰਜੀਨੀਅਰ, ਪੀ ਐੱਸ ਪੀ ਸੀ ਐੱਲ ਬਿਲਾਸਪੁਰ।

ਮੈਂ, ਗੁਰਮੀਤ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਦੋਧਰ ਗਰਬੀ, ਤਹਿਸੀਲ ਤੇ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੁਖਵਿੰਦਰ ਸਿੰਘ, ਨੂੰਹ ਗਗਨਦੀਪ ਕੌਰ ਅਤੇ ਇਨ੍ਹਾਂ ਦੇ ਬੱਚੇ ਸੁਖਵੀਰ ਸਿੰਘ ਕਹਿਣੇਕਾਰ ਨਾ ਹੋਣ ਕਾਰਨ ਪੰਜਾਬ ਟਾਇਮਜ਼ ਅਖਬਾਰ ਮਿਤੀ 20.4.2023 ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਉਹ ਸਾਰੇ ਮੇਰੇ ਕਹਿਣੇਕਾਰ ਹਨ। ਇਸ ਲਈ ਮੈਂ ਉਨ੍ਹਾਂ ਦੀ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਚੱਲ-ਅਚੱਲ, ਜ਼ਮੀਨ-ਜਾਇਦਾਦ, ਘਰ-ਬਾਰ, ਸੰਪਤੀ ਅਤੇ ਨਕਦੀ 'ਚ ਬਰਾਬਰ ਦੇ ਹਿੱਸੇਦਾਰ ਹੋਣਗੇ। ਸੰਬੰਧਤ ਨੋਟ ਕਰਨ।

ਹਰਦਿੱਤ ਸਿੰਘ ਪੁੱਤਰ ਅਤਰ ਸਿੰਘ ਵਾਸੀ ਲੋਪੋ, ਜ਼ਿਲ੍ਹਾ ਮੋਗਾ ਦੇ ਨਾਂਅ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 24-809, 17.5 ਹਾਰਸ ਪਾਵਰ ਨੂੰ ਸੁਰਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਲੋਪੋ ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਪ੍ਰੀਤਮ ਸਿੰਘ ਪੁੱਤਰ ਚੇਤ ਸਿੰਘ ਵਾਸੀ ਲੋਪੋ, ਜ਼ਿਲ੍ਹਾ ਮੋਗਾ ਦੇ ਨਾਂਅ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 24-955, 17.5 ਹਾਰਸ ਪਾਵਰ ਨੂੰ ਸੁਖਦੇਵ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਲੋਪੋ ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਬੇਦਖਲੀ ਨੋਟਿਸ

ਮੈਂ, ਸੁਖਰਾਜ ਕੌਰ ਸਹੋਤਾ ਪਤਨੀ ਉੱਕਾਰ ਸਿੰਘ ਸਹੋਤਾ ਵਾਸੀ ਮਕਾਨ ਨੰ. 125 ਕਮਲ ਵਿਹਾਰ, ਬਸਤੀ ਪੀਰਦਾਦ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਰਪਿੰਦਰ ਸਿੰਘ ਅਤੇ ਉਸ ਦੀ ਪਤਨੀ ਸਿਮਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਰਣਬੀਰ ਕੁਮਾਰ ਪੁੱਤਰ ਸ਼ਾਮ ਲਾਲ ਅਤੇ ਸੁਨੀਤਾ ਪਤਨੀ ਰਣਬੀਰ ਸਿੰਘ ਵਾਸੀਆਨ 12/311, ਗਲੀ ਨੰ. 2, ਸੰਤ ਨਗਰ ਵੇਰਕਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਰਾਹੁਲ ਅਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਸਾਡੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਸ਼ੋਕ ਕੁਮਾਰ ਪੁੱਤਰ ਹੰਸ ਰਾਜ ਵਾਸੀ ਮਕਾਨ ਨੰ. 541 ਆਦਰਸ਼ ਨਗਰ, ਨੇੜੇ ਚਿੰਤਨਪੁਰਨੀ ਮੰਦਰ ਇਸਲਾਮਾਬਾਦ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਿਮਲ ਕੁਮਾਰ ਅਤੇ ਉਸ ਦੀ ਪਤਨੀ ਲਵਪ੍ਰੀਤ ਕੌਰ ਮੇਰੇ ਅਤੇ ਮੇਰੀ ਪਤਨੀ ਗੁਲਸ਼ਨ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਪਿੰਡ ਇੱਬਣ ਖੁਰਦ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗਗਨਦੀਪ ਸਿੰਘ, ਉਸ ਦੀ ਪਤਨੀ ਦਿਲਪ੍ਰੀਤ ਕੌਰ ਅਤੇ ਉਨ੍ਹਾ ਦਾ ਲੜਕਾ ਕੁਲਰਾਜ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਹਰੀਓਮ ਪੁੱਤਰ ਸਰਦਾਰੀ ਲਾਲ ਅਤੇ ਰੀਟਾ ਪਤਨੀ ਹਰੀਓਮ ਵਾ

5-DEC-PAGE-7.qxd 12/4/2023 10:33 PM Page 1

ਢਾਣੀਆਂ ਵੱਲ ਜਾਣ ਵਾਲਾ ਰਾਹ ਬੰਦ, ਲੋਕ ਪ੍ਰੇਸ਼ਾਨ

ਸੰਗਤ ਮੰਡੀ (ਰਾਜਦੀਪ ਜੋਸ਼ੀ)

ਭਾਰਤ ਮਾਲਾ ਸੜਕ ਨੇ ਜਿੱਥੇ ਕੁੱਝ ਲੋਕਾਂ ਨੂੰ ਅਮੀਰ ਬਣਾ ਦਿੱਤਾ, ਉੱਥੇ ਬਹੁਤ ਲੋਕਾਂ ਨੂੰ ਘਰੋਂ ਬੇਘਰ ਵੀ ਕਰ ਦਿੱਤਾ। ਬਹੁਤੇ ਲੋਕ ਤਾਂ ਖੇਤਾਂ ਵਿੱਚ ਢਾਣੀਆਂ ਪਾ ਕੇ ਵਧੀਆ ਜ਼ਿੰਦਗੀ ਬਸਰ ਕਰ ਰਹੇ ਸਨ। ਅਚਾਨਕ ਭਾਰਤ ਮਾਲਾ ਸੜਕ ਨਿਕਲਣ ਨਾਲ ਉਹਨਾਂ ਲਈ ਵੱਡੀ ਮੁਸੀਬਤ ਖੜੀ ਹੋ ਗਈ। ਇਸ ਸਮੱਸਿਆ ਨਾਲ ਜੂਝ ਰਹੇ ਔਲਖਾਂ ਦੀ ਢਾਣੀਆਂ ਦੇ ਬਲਜਿੰਦਰ ਸਿੰਘ ਔਲਖ, ਬਿੰਦਰ ਸਿੰਘ ਔਲਖ, ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀਆਂ ਢਾਣੀਆਂ ਪਿੰਡ ਪਥਰਾਲਾ ਬੱਸ ਸਟੈਂਡ ਤੋਂ ਮੈਰੇ ਵਾਲੇ ਰਾਹ ਤੋਂ ਸਰਕਾਰੀ ਲੱਗੀ ਪਹੀ 'ਤੇ ਪੈਂਦੀਆਂ ਹਨ, ਜੋ ਪਹੀ ਪੁਰਾਣੀ ਖੇਤਾਂ ਨੂੰ ਲੱਗੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਜੋ ਪਹੀ ਰਸਤੇ ਉਹ ਆਪਣੀਆਂ ਢਾਣੀਆਂ ਵਿੱਚ ਜਾਂਦੇ ਸੀ, ਉਹ ਰਸਤਾ ਸੜਕ ਵਿਭਾਗ ਨੇ ਬੰਦ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਢਾਣੀਆਂ ਨੂੰ ਸੜਕ ਵਿਭਾਗ ਕਿਸੇ ਵੀ ਪਾਸੇ ਤੋਂ ਰਸਤਾ ਨਹੀਂ ਦੇ ਰਿਹਾ, ਜੋ ਪੁਲ ਮੈਰੇ ਵਾਲੇ ਰਾਹ 'ਤੇ ਬਣ ਰਿਹਾ ਹੈ। ਉਸ ਪੁਲ ਤੋਂ ਨਾ ਤਾਂ ਕੋਈ ਸਰਵਿਸ ਰੋਡ ਦਿੱਤੀ ਤੇ ਨਾ ਹੀ ਸਿੱਧੇ ਰਾਹ 'ਤੇ ਕੋਈ ਰਸਤਾ ਛੱਡਿਆ ਗਿਆ।

ਉਨ੍ਹਾਂ ਸੜਕ ਵਿਭਾਗ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਨ੍ਹਾਂ ਦੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ ਨਹੀਂ ਤਾਂ ਸਾਰੀ ਉਮਰ ਲਈ ਉਹਨਾਂ ਦਾ ਰਸਤਾ ਬੰਦ ਹੋ ਜਾਵੇਗਾ। ਕਿਸਾਨ ਯੂਨੀਅਨ ਦੇ ਬਲਾਕ ਆਗੂ ਇਕਬਾਲ ਸਿੰਘ ਸਹਾਰਨ ਨੇ ਜਦੋਂ ਮੌਕਾ ਦੇਖਿਆ ਤਾਂ ਢਾਣੀਆਂ ਵਾਲੇ ਪੀੜਤ ਪਰਵਾਰ ਬਹੁਤ ਜ਼ਿਆਦਾ ਪ੍ਰੇਸ਼ਾਨ ਦੇਖੇ ਗਏ। ਸਹਾਰਨ ਨੇ ਆਖਿਆ ਕਿ ਜੇਕਰ ਢਾਣੀਆਂ ਨੂੰ ਜਾਣ ਲਈ ਰਸਤਾ ਨਾ ਦਿੱਤਾ ਗਿਆ ਤਾਂ ਵੱਡਾ ਸੰਘਰਸ ਵੀ ਵਿੱਢਿਆ ਜਾਵੇਗਾ। ਕਿਸਾਨ ਆਗੂ ਨੇ ਕਿ ਐਨ ਐਚ ਵਿਭਾਗ ਨੂੰ ਲਿਖਤੀ ਦਰਖਾਸਤ ਵੀ ਦਿੱਤੀ ਗਈ ਹੈ, ਪਰ ਸੜਕ ਵਿਭਾਗ ਦੇ ਕੰਨ 'ਤੇ ਜੂੰ ਨਹੀਂ ਸਰਕੀ।

ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਤੋਂ ਕੰਪਿਊਟਰ ਟ੍ਰੇਨਿੰਗ ਤੇ ਲੈਪਟਾਪ, ਸਮਾਰਟ ਫੋਨ ਤੋਂ ਬਿਨਾਂ ਜਬਰੀ ਆਨਲਾਈਨ ਕੰਮ ਲੈਣੇ ਬੰਦ ਕਰਨ ਦੀ ਮੰਗ

ਸੰਗਰੂਰ (ਪੱਤਰ ਪ੍ਰੇਰਕ)

ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਮੁੱਖ ਦਫਤਰ 1680/22-ਬੀ ਚੰਡੀਗੜ੍ਹ ਦੇ ਪ੍ਰਮੁੱਖ ਆਗੂਆਂ ਰਣਜੀਤ ਸਿੰਘ ਰਾਣਵਾਂ, ਦਰਸ਼ਨ ਸਿੰਘ ਲੁਬਾਣਾ, ਸੁਰਿੰਦਰ ਕੁਮਾਰ ਪੁਆਰੀ, ਜਗਦੀਸ਼ ਸਿੰਘ ਚਾਹਲ, ਗੁਰਮੇਲ ਸਿੰਘ ਮੈਲਡੇ ਤੇ ਪ੍ਰੇਮ ਚਾਵਲਾ ਨੇ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਅਤੇ ਆਸਾ ਫੈਸਿਲੀਟੇਟਰਾਂ ਤੋਂ ਜਬਰੀ ਮੁਫ਼ਤ ਵਿੱਚ ਆਨਲਾਈਨ ਕੰਮ ਲੈਣ ਦੀ ਸਖਤ ਨਿੰਦਾ ਕਰਦਿਆਂ ਅਤੇ ਆਲ ਇੰਡੀਆ ਆਸਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ, ਸਬੰਧਤ ਪਸਸਫ (1680) ਵੱਲੋਂ ਉਲੀਕੇ ਸੰਘਰਸ਼ ਦੀ ਹਮਾਇਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਤੋਂ ਮੰਗ ਕੀਤੀ ਕਿ ਆਸ਼ਾ ਵਰਕਰਾਂ ਤੋਂ ਪੰਜ ਲੱਖ ਵਾਲਾ ਬੀਮਾ ਕਾਰਡ, ਆਭਾ ਕਾਰਡ ਤੇ ਸੁਜਾਤਾ ਐਪ ਰਾਹੀਂ ਮੁਫ਼ਤ ਵਿੱਚ ਆਨਲਾਈਨ ਕੰਮ ਲੈਣਾ ਤੁਰੰਤ ਬੰਦ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਕਿਉਂਕਿ ਆਸ਼ਾ ਵਰਕਰਾਂ ਅਤੇ ਆਸ਼ਾ ਫੈਸਿਲੀਟੇਟਰਾਂ ਨੂੰ ਪੰਜਾਬ ਸਰਕਾਰ ਵੱਲੋਂ ਨਾ ਹੀ ਅਜਿਹੇ ਅਹਿਮ ਕੰਮਾਂ ਲਈ ਕੋਈ ਕੰਪਿਊਟਰ ਟ੍ਰੇਨਿੰਗ ਦਿੱਤੀ ਗਈ ਹੈ ਅਤੇ ਨਾ ਹੀ ਕੋਈ ਲੈਪਟੌਪ ਜਾਂ ਉੱਚ ਪਾਏ ਦੇ ਸਮਾਰਟ ਫੋਨ ਦਿੱਤੇ ਗਏ ਹਨ। ਵਿਭਾਗੀ ਅਧਿਕਾਰੀ ਫਿਰ ਵੀ ਅਜਿਹੇ ਕੰਮਾਂ ਲਈ ਵਾਧੂ ਦਬਾਅ ਪਾ ਰਹੇ ਹਨ, ਜਦੋਂ ਕਿ ਆਸ਼ਾ ਵਰਕਰਾਂ ਲਈ ਬਿਨਾਂ ਕੰਪਿਊਟਰ ਟ੍ਰੇਨਿੰਗ ਅਤੇ ਬਿਨਾਂ ਲੈਪਟੌਪ ਅਤੇ ਸਮਾਰਟ ਫੋਨ ਦੇ ਆਨਲਾਈਨ ਕੰਮ ਕਰਨਾ ਅਸੰਭਵ ਹੈ।

ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਅਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਆਸਾ ਤੋਂ ਪਹਿਲਾਂ ਹੀ ਤੁਛ ਮਿਹਨਤਾਨੇ ਤੇ ਅਨੇਕਾਂ ਕੰਮ ਲਏ ਜਾ ਰਹੇ ਹਨ, ਜਿਵੇਂ ਕਿ ਜਨਮ ਮੌਤ ਦੀ ਰਜਿਸਟ੍ਰੇਸ਼ਨ, ਜੱਚਾ ਬੱਚਾ ਦੀ ਦੇਖਭਾਲ, ਔਰਤ ਦੇ ਗਰਭਵਤੀ ਹੋਣ ਤੇ ਬੱਚੇ ਦੇ ਜਨਮ ਤੱਕ ਦੇਖ ਰੇਖ ਅਤੇ ਦਵਾਈਆਂ ਦੇਣੀਆਂ, ਸਕੂਲ ਪੜ੍ਹਦੇ ਬੱਚਿਆਂ ਨੂੰ ਐਲਮੰਡਾਜੋਲ ਦੀਆਂ ਗੋਲੀਆਂ ਖਵਾਉਣਾ, ਟੀ ਬੀ ਰੋਗ ਤੇ ਹੋਰ ਖਤਰਨਾਕ ਬੀਮਾਰੀਆਂ ਤੋਂ ਪੀੜਤ ਵਿਅਕਤੀਆਂ ਦੀ ਲਗਾਤਾਰ ਦੇਖ ਰੇਖ ਸਮੇਤ ਅਨੇਕਾਂ ਕੰਮ ਲਏ ਜਾ ਰਹੇ ਹਨ, ਜਦ ਕਿ ਇਹਨਾਂ ਕੰਮਾਂ ਬਦਲੇ ਬਣਦਾ ਮਿਹਨਤਾਨਾ ਵੀ ਨਹੀਂ ਦਿੱਤਾ ਜਾ ਰਿਹਾ। ਆਗੂਆਂ ਨੇ ਦੱਸਿਆ ਕਿ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵੱਲੋਂ ਪੰਜਾਬ ਸਰਕਾਰ ਤੋਂ ਅਨੇਕਾਂ ਵਾਰ ਮੰਗ ਕੀਤੀ ਗਈ ਹੈ ਕਿ ਆਸ਼ਾ ਵਰਕਰਾਂ ਅਤੇ ਆਸ਼ਾ ਫੈਸਿਲੀਟੇਟਰਾਂ ਨੂੰ ਮੁਲਾਜ਼ਮ ਮੰਨ ਕੇ ਲਏ ਜਾ ਰਹੇ ਕੰਮਾਂ ਅਤੇ ਕੰਮ ਸਮੇਂ ਨੂੰ ਮੁੱਖ ਰੱਖਦਿਆਂ ਘੱਟੋ-ਘੱਟ ਉਜਰਤ 26000 ਰੁਪਏ ਮਹੀਨਾ ਕੀਤੀ ਜਾਵੇ। ਆਗੂਆਂ ਵੱਲੋਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਅਤੇ ਵਿਭਾਗੀ ਅਧਿਕਾਰੀਆਂ ਵੱਲੋਂ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਅਤੇ ਆਸ਼ਾ ਵਰਕਰਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵੱਲੋਂ ਸਿੱਧੇ ਤੌਰ 'ਤੇ ਸੰਘਰਸ਼ ਤੇਜ਼ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਨੂੰ ਬੈਸਟ ਪ੍ਰਿੰਸੀਪਲ ਤੇ ਬੈਸਟ ਟੀਚਰ ਐਵਾਰਡ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)- ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਫੈਡਰੇਸ਼ਨ ਆਫ਼ ਐਸੋਸੀਏਸ਼ਨਜ਼ ਐਂਡ ਪ੍ਰਾਈਵੇਟ ਸਕੂਲਜ ਵੱਲੋਂ ਤਕਸੀਮ ਕੀਤੇ ਨੈਸ਼ਨਲ ਐਵਾਰਡ ਸਮਾਰੋਹ ਵਿੱਚ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਨੂੰ ਅਕਾਦਮਿਕ ਅਚੀਵਮੈਂਟ ਕੈਟਾਗਰੀ ਬੈਸਟ ਪ੍ਰਿੰਸੀਪਲ ਐਵਾਰਡ ਤੇ ਬੈਸਟ ਟੀਚਰ ਐਵਾਰਡ ਮਿਲਣ 'ਤੇ ਅਥਾਹ ਖੁਸ਼ੀ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਦੀ ਪ੍ਰੇਰਣਾ ਪ੍ਰਾਪਤ ਹੋਈ ਹੈ। ਫੈਪ ਪ੍ਰਧਾਨ ਡਾ: ਜਗਜੀਤ ਸਿੰਘ ਧੂਰੀ ਨੇ ਇਸ ਪ੍ਰੋਗਰਾਮ ਦੀ ਬਹੁਤ ਸੋਹਣੀ ਮੇਜ਼ਬਾਨੀ ਕੀਤੀ। ਡਾ. ਕਿਰਨ ਬੇਦੀ ਤੇ ਲੈਫਟੀਨੈਂਟ ਜਰਨਲ ਕੰਵਲਜੀਤ ਸਿੰਘ ਢਿੱਲੋਂ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ (ਫੈਪ) ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਾਏ 'ਨੈਸ਼ਨਲ ਸਕੂਲ ਐਵਾਰਡ-2023' ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਮੌਜੂਦ ਰਹੇ। ਸੰਸਥਾ ਦੀ ਇਸ ਵਡਮੁੱਲੀ ਪ੍ਰਾਪਤੀ ਤੇ ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ ਤੇ ਐੱਮ ਡੀ ਸੁਖਵਿੰਦਰ ਕੌਰ ਧਾਲੀਵਾਲ ਅਤੇ ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੇ ਸਮੂਹ ਸਟਾਫ਼, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਲਗਾਤਾਰ ਪਿਛਲੇ ਦੋ ਸਾਲਾਂ ਦੇ ਬੋਰਡ ਕਲਾਸਾਂ ਦੇ ਚੰਗੇ ਨਤੀਜਿਆਂ ਦੇ ਅਧਾਰ 'ਤੇ ਅਤੇ ਪਿਛਲੇ ਸਾਲ ਬੈਸਟ ਸਕੂਲ ਐਵਾਰਡ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੂੰ ਬੈਸਟ ਪ੍ਰਿੰਸੀਪਲ ਐਵਾਰਡ 2023 ਦਿੱਤਾ ਗਿਆ। ਸੁਖਵਿੰਦਰ ਸਿੰਘ ਨੂੰ ਵਿਸ਼ੇ ਵਿੱਚ ਮੁਹਾਰਤ, ਵਧੀਆ ਅਕਾਦਮਿਕ ਨਤੀਜੇ ਤੇ ਓਵਰਆਲ ਪਰਫਾਰਮੈਂਸ ਦੁਆਰਾ ਫੈਪ ਨੈਸ਼ਨਲ ਐਵਾਰਡ 2023 ਵਿੱਚ ਬੈਸਟ ਟੀਚਰ ਐਵਾਰਡ 2023 ਦਿੱਤਾ ਗਿਆ। ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਨੇ ਮੈਨੇਜਮੈਂਟ, ਪ੍ਰਿੰਸੀਪਲ, ਸਟਾਫ਼ ਮੈਂਬਰ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

ਕਾਤਰਾਂ

ਚਾਚੀ ਤੇ ਭਤੀਜੇ ਨੇ ਕੀਤੀ ਖੁਦਕੁਸ਼ੀ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਪ੍ਰੇਮ ਸੰਬੰਧਾਂ ਦੇ ਚੱਲਦਿਆਂ ਪਿੰਡ ਰਾਏ ਕੇ ਖੁਰਦ ਦੇ ਇੱਕ ਪ੍ਰੇਮੀ ਜੋੜੇ ਚਾਚੀ ਅਤੇ ਉਸ ਦੇ ਭਤੀਜੇ ਨੇ ਜ਼ਹਿਰ ਖਾ ਕੇ ਕੀਤੀ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਥਾਣਾ ਨੰਦਗੜ੍ਹ ਦੇ ਮੁਖੀ ਅਤੇ ਪਿੰਡ ਦੇ ਸਰਪੰਚ ਨੇ ਦੱਸਿਆ ਹੈ ਕਿ ਦੋਵਾਂ ਦਾ ਆਪਸ ਵਿੱਚ ਚਾਚੀ ਅਤੇ ਭਤੀਜੇ ਦਾ ਰਿਸ਼ਤਾ ਸੀ, ਜਿਨ੍ਹਾਂ ਦੇ ਆਪਸ ਵਿੱਚ ਪਿਛਲੇ ਸਮੇਂ ਤੋਂ ਪ੍ਰੇਮ ਸਬੰਧ ਸਨ। ਇਨ੍ਹਾਂ ਪ੍ਰੇਮ ਸਬੰਧਾਂ ਦੇ ਚੱਲਦਿਆਂ ਦੋਨਾਂ ਨੇ ਸਲਫ਼ਾਸ ਖਾ ਕੇ ਆਤਮ ਹੱਤਿਆ ਕਰ ਲਈ। ਥਾਣਾ ਮੁਖੀ ਨੇ ਦੱਸਿਆ ਕਿ ਦੋਹਾਂ ਦੀਆਂ ਲਾਸ਼ਾਂ ਨਹਿਰ ਦੀ ਪਟੜੀ 'ਤੇ ਪਈਆਂ ਸਨ, ਜਿਸ ਦੀ ਇਤਲਾਹ ਸਵੇਰੇ ਮੇਟ ਵੱਲੋਂ ਪੁਲਸ ਨੂੰ ਕੀਤੀ ਗਈ। ਪੁਲਸ ਵੱਲੋਂ ਦੋਹਾਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਦੋਵੇਂ ਪਰਵਾਰਾਂ ਦੇ ਘਰਦਿਆਂ ਸੂਚਿਤ ਕੀਤਾ ਗਿਆ ਅਤੇ ਦੋਵੇਂ ਲਾਸ਼ਾਂ ਦਾ ਪੋਸਟਮਾਰਟਮ ਕਰਾਉਣ ਲਈ ਲਾਸ਼ਾਂ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਪੁਚਾਇਆ ਗਿਆ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ 29 ਪੁੱਤਰ ਕੁਲਵੰਤ ਸਿੰਘ ਅਤੇ ਚਾਚੀ ਦੀ ਪਛਾਣ ਮਨਦੀਪ ਕੌਰ 48 ਪਤਨੀ ਗੁਰਜੀਤ ਸਿੰਘ ਵਾਸੀ ਰਾਏਕੇ ਖੁਰਦ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਗੁਰਮੀਤ ਸਿੰਘ ਅਜੇ ਕੁਆਰਾ ਹੀ ਸੀ ਅਤੇ ਉਸ ਦੀ ਚਾਚੀ ਮਨਦੀਪ ਕੌਰ ਦੇ ਦੋ ਬੱਚੇ ਹਨ। ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ 174 ਦੀ ਕਾਰਵਾਈ ਕਰਕੇ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ ਗਈ।

ਗਊਵੰਸ਼ ਦੀ ਤਸਕਰੀ ਕਰਨ ਵਾਲੇ ਦੋ ਗ੍ਰਿਫ਼ਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਛਾਉਣੀ ਸਥਿਤ ਸ਼ੇਰਸ਼ਾਹ ਵਲੀ ਕੋਲ ਇੱਕ ਟਰੱਕ ਵਿਚ 12 ਗਊਵੰਸ਼ ਲੈ ਕੇ ਜਾਣ ਵਾਲੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧ ਵਿੱਚ ਥਾਣਾ ਕੈਂਟ ਫ਼ਿਰੋਜ਼ਪੁਰ ਪੁਲਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 295-ਏ, 379 ਆਈਪੀਸੀ ਤੇ ਆਈਪੀਸੀ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮਹੰਤ ਗਰੀਬ ਦਾਸ ਸੰਚਾਲਕ ਆਪਣਾ ਘਰ ਬਿਰਧ ਆਸ਼ਰਮ ਕੋਟਕਪੂਰਾ ਨੇ ਦੱਸਿਆ ਕਿ ਉਹ ਗਊ ਰਕਸ਼ਾ ਦਲ ਦਾ ਜਨਰਲ ਸੈਕਟਰੀ ਹੈ ਤੇ ਜਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਦੋਸ਼ੀਅਨ ਸਾਰੂਫ ਪੁੱਤਰ ਮਾਰੂਫ ਖਾਨ ਵਾਸੀ ਪਿੰਡ ਬਛਾਈ ਜ਼ਿਲ੍ਹਾ ਪੂੰਛ ਅਤੇ ਸਲੀਮ ਖਾਨ ਪੁੱਤਰ ਮੁਹੰਮਦ ਮਾਹੀਨ ਵਾਸੀ ਪਿੰਡ ਠੇਠਰ ਜ਼ਿਲ੍ਹਾ ਜੰਮੂ ਫ਼ਾਜ਼ਿਲਕਾ ਤੇ ਪਠਾਨਕੋਟ ਦੇ ਲੋਕਾਂ ਨਾਲ ਮਿਲ ਕੇ ਬੇਸਹਾਰਾ ਗਊਆਂ ਨੂੰ ਕੱਟਣ ਵੱਢਣ ਦੇ ਮਕਸਦ ਨਾਲ ਆਪਣੇ ਟਰੱਕ ਵਿੱਚ ਲੱਦ ਕੇ ਉਸ ਨੂੰ ਕਿੰਨੂਆਂ ਦੇ ਕਰੇਟ ਲਾ ਕੇ ਢੱਕ ਕੇ ਲਿਜਾ ਰਹੇ ਹਨ। ਦੋਸ਼ੀਅਨ ਵੱਲੋਂ ਅਜਿਹਾ ਕਰਕੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਤਰਲੋਕ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਅਨ ਨੂੰ ਇੱਕ ਟਰੱਕ ਨੰਬਰ ਜੇਕੇ 14 ਬੀ 8881 ਸਮੇਤ 12 ਗਊ ਵੰਸ਼ ਦੇ ਕਾਬੂ ਕੀਤਾ ਗਿਆ ਹੈ।

ਮੱਝਾਂ ਚੋਰੀ ਕਰਨ ਆਏ ਵਿਅਕਤੀ ਪਿੰਡ ਵਾਸੀਆਂ ਨੂੰ ਦੇਖ ਪਿਕਅੱਪ ਗੱਡੀ ਛੱਡ ਕੇ ਭੱਜੇ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਵਾਸੀਆਂ ਨੂੰ ਦੇਖ ਕੇ ਮੱਝਾਂ ਚੋਰੀ ਕਰਨ ਆਏ ਕੁਝ ਵਿਅਕਤੀਆਂ ਵੱਲੋਂ ਪਿੰਡ ਸਾਨੀਪੁਰ ਨਜ਼ਦੀਕ ਇੱਕ ਮਹਿੰਦਰਾ ਪਿੱਕਅਪ ਗੱਡੀ ਛੱਡ ਕੇ ਭੱਜ ਜਾਣ ਦਾ ਸਮਾਚਾਰ ਹੈ। ਜਸਵਿੰਦਰ ਸਿੰਘ ਵਾਸੀ ਪਿੰਡ ਸਾਨੀਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ 2 ਦਸੰਬਰ ਤੜਕੇ ਉਹ ਜਦੋਂ ਮੱਝਾਂ ਨੂੰ ਪੱਠੇ ਪਾਉਣ ਲਈ ਆਪਣੇ ਪਸ਼ੂਆਂ ਵਾਲੇ ਬਾੜੇ 'ਚ ਆਇਆ ਤਾਂ ਬਾੜੇ ਦੇ ਤਾਲੇ ਖੁੱਲ੍ਹੇ ਪਏ ਸਨ ਤੇ ਉਸਦੀਆਂ ਦੋਵੇਂ ਮੱਝਾਂ ਖੁਰਲੀ 'ਤੇ ਨਹੀਂ ਸਨ, ਜਿਸ 'ਤੇ ਉਸਨੇ ਆਲੇ-ਦੁਆਲੇ ਭਾਲ ਸ਼ੁਰੂ ਕੀਤੀ ਤਾਂ ਦੇਖਿਆ ਕਿ ਦੋ ਮੋਨੇ ਵਿਅਕਤੀ ਉਸਦੀ ਇੱਕ ਮੱਝ ਨੂੰ ਤੋਰ ਕੇ ਨਹਿਰ ਵੱਲ ਲਿਜਾ ਰਹੇ ਸਨ, ਜਿਸ 'ਤੇ ਉਹ ਹੋਰ ਅੱਗੇ ਵਧਿਆ ਤਾਂ ਦੇਖਿਆ ਕਿ ਇੱਕ ਪਿਕਅੱਪ ਗੱਡੀ ਖੜੀ ਸੀ, ਜਿਸ ਕੋਲ ਦੋ ਮੋਨੇ ਨੌਜਵਾਨ ਖੜੇ ਸਨ ਤੇ ਉਸਦੀ ਇੱਕ ਮੱਝ ਉਕਤ ਗੱਡੀ 'ਚ ਚੜ੍ਹਾਈ ਹੋਈ ਸੀ, ਜਿਨ੍ਹਾਂ ਨੂੰ ਦੇਖ ਕੇ ਉਸਨੇ ਰੌਲਾ ਪਾ ਦਿੱਤਾ, ਜਿਸ ਨੂੰ ਸੁਣ ਕੇ ਪਿੰਡ ਵਾਸੀ ਇਕੱਠੇ ਹੋਣ ਲੱਗ ਪਏ ਤੇ ਉਕਤ ਚਾਰੇ ਵਿਅਕਤੀ ਮਹਿੰਦਰਾ ਪਿਕਅੱਪ ਗੱਡੀ ਨੰਬਰ -10-9215 ਉੱਥੇ ਹੀ ਛੱਡ ਕੇ ਖੇਤਾਂ ਵੱਲ ਨੂੰ ਭੱਜ ਗਏ। ਥਾਣਾ ਸਰਹਿੰਦ ਦੀ ਪੁਲਸ ਨੇ ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 379,511 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਹਿੰਦਰਾ ਪਿਕਅੱਪ ਗੱਡੀ ਨੂੰ ਕਬਜ਼ੇ 'ਚ ਲੈਂਦੇ ਹੋਏ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਸਰਕਾਰੀ ਸਕੂ

5-DEC-PAGE-8.qxd 12/4/2023 10:45 PM Page 1

ਗੁਰਦੁਆਰਾ ਅਕਾਲ ਬੁੰਗਾ ਸਾਹਿਬ 'ਚ ਪੁਲਸ ਦਾਖਲੇ ਤੇ ਗੋਲੀ ਚਲਾਉਣ ਦੇ ਰੋਸ ਵਜੋਂ ਧਰਨਾ ਪ੍ਰਦਰਸ਼ਨ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਵਿਖੇ ਬੀਤੇ ਦਿਨੀਂ

ਗੁਰਦੁਆਰਾ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਖੇ ਪੁਲਸ ਵੱਲੋਂ ਕਥਿਤ ਤੌਰ 'ਤੇ ਜੁੱਤੀਆਂ ਪਾ ਕੇ ਗੁਰਦੁਆਰਾ ਸਾਹਿਬ ਵਿਚ ਦਾਖਲ ਹੋ ਕੇ ਬੇਅਦਬੀ ਕਰਨ ਅਤੇ ਗੋਲੀ ਚਲਾਉਣ ਦੀ ਘਟਨਾ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ ਹੈ। ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਦੇ ਬਾਹਰ ਅਰੰਭੇ ਗਏ ਰੋਸ ਪ੍ਰਦਰਸ਼ਨ ਵਿਚ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਪਾਵਨ ਗੁਰਧਾਮ ਦੀ ਬੇਅਦਬੀ ਕਰਵਾ ਕੇ ਸਰਕਾਰ ਨੇ ਸਿੱਖ ਭਾਵਨਾਵਾਂ ਨੂੰ ਤਾਰ ਤਾਰ ਕੀਤਾ ਹੈ। ਧਰਨਾ ਪ੍ਰਦਰਸ਼ਨ ਦੇ ਅੱਜ ਪਹਿਲੇ ਦਿਨ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਬਲਜੀਤ ਸਿੰਘ ਜਲਾਲਉਸਮਾ ਦੀ ਅਗਵਾਈ ਵਿਚ ਪੁੱਜੇ ਜਥੇ ਨੇ ਸ਼ਮੂਲੀਅਤ ਕੀਤੀ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਰੋਸ ਜ਼ਾਹਰ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਮਨਜੀਤ ਸਿੰਘ, ਬਲਜੀਤ ਸਿੰਘ ਜਲਾਲਉਸਮਾ, ਜਰਨੈਲ ਸਿੰਘ ਡੋਗਰਾਂਵਾਲਾ, ਬੀਬੀ ਗੁਰਪ੍ਰੀਤ ਕੌਰ ਰੂਹੀ, ਹਲਕਾ ਇੰਚਾਰਜ ਕੈਪਟਨ ਹਰਮਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਵਲੋਂ 1984 'ਚ ਗੁਰਧਾਮਾਂ 'ਤੇ ਹਮਲੇ ਦੀ ਘਨੌਣੀ ਹਰਕਤ ਕੀਤੀ ਗਈ ਸੀ। ਅੱਜ ਪੰਜਾਬ ਦੀ ਸਰਕਾਰ ਵੀ ਉਸੇ ਰਸਤੇ 'ਤੇ ਚੱਲ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲਸ ਨੂੰ ਹੁਕਮ ਜਾਰੀ ਕਰਕੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਬੇਅਦਬੀ ਦੀ ਪੀੜਾਮਈ ਹਰਕਤ ਕੀਤੀ ਹੈ, ਜਿਸ ਨੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤਜਿੰਦਰ ਸਿੰਘ ਪੱਡਾ, ਮੈਨੇਜਰ ਜਰਨੈਲ ਸਿੰਘ, ਮੋਹਨ ਸਿੰਘ ਕੰਗ ਬਾਬਾ ਬਕਾਲਾ, ਨਿਰਮਲ ਸਿੰਘ, ਰਣਜੀਤ ਸਿੰਘ ਸੋਰੋਂ, ਰਜਿੰਦਰ ਸਿੰਘ ਲਿਧੜ, ਕਿਰਪਾਲ ਸਿੰਘ, ਬਲਵਿੰਦਰ ਸਿੰਘ ਚੀਮਾ ਬਾਠ, ਗੁਰਜਿੰਦਰ ਸਿੰਘ ਸਠਿਆਲਾ, ਮੇਜਰ ਸਿੰਘ ਸਰਬਜੀਤ ਸਿੰਘ, ਗੁਰਦੇਵ ਸਿੰਘ, ਬਖਸ਼ੀਸ਼ ਸਿੰਘ ਬਾਬਾ ਬਕਾਲਾ, ਗੁਰਚਰਨ ਸਿੰਘ, ਦਲਬਾਗ ਸਿੰਘ, ਕਰਮ ਸਿੰਘ ਆਦਿ ਹਾਜ਼ਰ ਸਨ।

ਸਾਂਝਾ ਫਰੰਟ ਨੇ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਸੰਘਰਸ਼ ਦਾ ਕੀਤਾ ਸਮਰਥਨ

ਜਲੰਧਰ (ਰਾਜੇਸ਼ ਥਾਪਾ) ਪੰਜਾਬ ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਕਨਵੀਨਰ ਪੁਸ਼ਪਿੰਦਰ ਕੁਮਾਰ ਵਿਰਦੀ, ਜਸਪਾਲ ਸੰਧੂ , ਕੁਲਦੀਪ ਸਿੰਘ ਬਾਹਮਣੀਆਂ, ਪ੍ਰੇਮ ਪਾਲ ਅਤੇ ਬਲਵਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੂਬਾਈ ਕਨਵੀਨਰ ਬਾਜ ਸਿੰਘ ਖਹਿਰਾ, ਸੁਰਿੰਦਰ ਕੁਮਾਰ ਪੁਆਰੀ , ਸ਼ਿਵ ਕੁਮਾਰ ਤਿਵਾੜੀ ਅਤੇ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਆਪਣੇ ਆਪ ਨੂੰ ਮਾਸਟਰ ਦਾ ਮੁੰਡਾ ਕਹਿਣ ਵਾਲਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਬੰਨਵੇਂ ਵਿਧਾਇਕਾਂ ਦੀ ਬਹੁਤ ਗਿਣਤੀ ਦੇ ਹੰਕਾਰ ਵਿੱਚ ਸੰਘਰਸ਼ਸ਼ੀਲ ਮੁਲਾਜਮਾਂ ਦੀਆਂ ਮੰਗਾਂ ਦੇ ਨਿਪਟਾਰੇ ਲਈ ਮੁਲਾਜਮ ਜਥੇਬੰਦੀਆਂ ਦੇ ਆਗੂਆਂ ਨਾਲ ਦੋ ਧਿਰੀ ਗੱਲਬਾਤ ਕਰਨ ਤੋਂ ਵਾਰ-ਵਾਰ ਟਾਲਾ ਵੱਟ ਰਿਹਾ ਹੈ ਅਤੇ ਮੁਲਾਜਮ ਮੰਗਾਂ ਪ੍ਰਤੀ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ, ਜਿਸ ਕਰਕੇ ਹਰ ਵਰਗ ਦਾ ਮੁਲਾਜਮ ਵਰਗ ਸੜਕਾਂ 'ਤੇ ਉਤਰਿਆ ਹੋਇਆ ਹੈ। ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਦੇ ਮੁਲਾਜਮ 08/11/2023 ਤੋਂ ਕਲਮ ਛੋੜ ਹੜਤਾਲ/ਕੰਪਿਊਟਰ ਬੰਦ ਦੇ ਐਕਸ਼ਨ ਵਿੱਚ ਹਨ,ਪਰ ਸਰਕਾਰ ਦੇ ਕੰਨਾਂ ਤੇ ਅਜੇ ਤੱਕ ਜੂੰ ਨਹੀਂ ਸਰਕੀ। ਸਰਕਾਰ ਵਲੋਂ ਮੁਲਾਜਮ ਮੰਗਾਂ ਪ੍ਰਤੀ ਦਿਖਾਏ ਜਾ ਰਹੇ ਅਵੇਸਲੇਪਨ ਦੀ ਤਿੱਖੀ ਨਿਖੇਧੀ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਮਨਿਸਟੀਰੀਅਲ ਸਟਾਫ ਯੂਨੀਅਨ ਦੇ ਸੰਘਰਸ਼ ਦਾ ਪੁਰਜੋਰ ਸਮਰਥਨ ਕਰਦੇ ਹਾਂ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹਨਾਂ ਦੇ ਆਗੂਆਂ ਨਾਲ ਦੋ ਧਿਰੀ ਗੱਲਬਾਤ ਕਰਕੇ ਤੁਰੰਤ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ ਤਾਂ ਜੋ ਦਫਤਰਾਂ ਵਿੱਚ ਸੁਖਾਵਾਂ ਮਾਹੌਲ ਬਣ ਸਕੇ ਅਤੇ ਆਮ ਲੋਕਾਂ ਦੀ ਖਜਲ ਖੁਆਰੀ ਬੰਦ ਹੋਵੇ। ਪੰਜਾਬ ਮੁਲਾਜਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਵਲੋਂ ਪਹਿਲੀ ਜਨਵਰੀ ਤੋਂ ਪੰਦਰਾਂ ਫਰਵਰੀ ਤੱਕ ਆਮ ਆਦਮੀ ਪਾਰਟੀ ਦੇ ਸਮੁੱਚੇ ਵਿਧਾਇਕਾਂ/ਮੰਤਰੀਆਂ ਦੇ ਘਰਾਂ ਦੇ ਘਿਰਾਓ ਕਰਕੇ ਰੋਸ ਪ੍ਰਦਰਸ਼ਨ ਕਰਨ ਦੇ ਦਿੱਤੇ ਗਏ ਸੱਦੇ ਅਨੁਸਾਰ 07 ਜਨਵਰੀ ਨੂੰ ਜਲੰਧਰ ਤੋਂ ਵਿਧਾਇਕ ਰਮਨ ਅਰੋੜਾ ਅਤੇ ਸੀਤਲ ਅੰਗੁਰਾਲ, 22 ਜਨਵਰੀ ਨੂੰ ਕੈਬਨਿਟ ਮੰਤਰੀਬਲਕਾਰ ਸਿੰਘ ਅਤੇ 04 ਫਰਵਰੀ ਨੂੰ ਨਕੋਦਰ ਵਿਖੇ ਵਿਧਾਇਕ ਸ੍ਰੀਮਤੀ ਇੰਦਰਜੀਤ ਕੌਰ ਮਾਨ ਦੇ ਘਰਾਂ ਵੱਲ ਰੋਸ ਮਾਰਚ ਕਰਕੇ ਪ੍ਰਦਰਸ਼ਨ ਕੀਤੇ ਜਾਣਗੇ। ਕਨਵੀਨਰਾਂ ਨੇ ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਕੱਚੇ ਮੁਲਾਜਮਾਂ ਨੂੰ ਪੂਰੇ ਪੂਰੇ ਗਰੇਡਾਂ ਵਿੱਚ ਰੈਗੂਲਰ ਨਹੀਂ ਕੀਤਾ ਜਾ

ਰਿਹਾ,1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਂਨਸ਼ਨ ਬਹਾਲ ਨਹੀਂ ਕੀਤੀ ਜਾ ਰਹੀ,ਮਾਣ ਭੱਤਾ ਮੁਲਾਜਮਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ ਬਣਦਾ ਮਿਹਨਤਾਨਾ ਨਹੀਂ ਦਿੱਤਾ ਜਾ ਰਿਹਾ, ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਛੇਵੇਂ ਪੇ ਕਮਿਸਨ ਦੇ 66 ਮਹੀਨਿਆਂ ਦੇ ਬਕਾਏ ਨਹੀਂ ਦਿੱਤੇ ਜਾ ਰਹੇ, 12 ਪ੍ਰਤੀਸ਼ਤ ਡੀ ਏ ਦੀਆਂ ਤਿੰਨ ਕਿਸਤਾਂ ਅਤੇ ਡੀ ਏ ਦੇ ਬਕਾਏ ਨਹੀਂ ਦਿੱਤੇ ਜਾ ਰਹੇ,ਪੇ ਕਮਿਸ਼ਨ ਦੇ ਕੀਤੀ ਸਿਫਾਰਸ਼ ਅਨੁਸਾਰ ਪੈਂਨਸ਼ਨਰਾਂ ਨੂੰ 2.59 ਦਾ ਗੁਣਾਂਕ ਨਹੀਂ ਦਿੱਤਾ ਜਾ ਰਿਹਾ,ਸੋਧ ਕਰਨ ਦੇ ਨਾਂਅ 'ਤੇ ਬੰਦ ਕੀਤੇ ਸੈਂਤੀ ਪ੍ਰਕਾਰ ਦੇ ਭੱਤੇ ਬਹਾਲ ਨਹੀਂ ਕੀਤੇ ਜਾ ਰਹੇ, ਮੈਡੀਕਲ ਭੱਤਾ 2000/- ਰੁਪਏ ਮਹੀਨਾ ਨਹੀਂ ਕੀਤਾ ਜਾ ਰਿਹਾ ਆਦਿ ਮੰਗਾਂ ਨੂੰ ਲੈ ਕੇ ਸਮੁੱਚਾ ਮੁਲਾਜਮ ਵਰਗ ਸੰਘਰਸ਼ਾਂ ਦੇ ਰਾਹ 'ਤੇ ਹੈ ਅਤੇ ਆਮ ਲੋਕਾਂ ਦੀਆਂ ਵੋਟਾਂ ਨਾਲ ਬਣੀ ਆਮ ਆਦਮੀ ਪਾਰਟੀ ਦੀ ਖਾਸ ਲੋਕਾਂ ਦੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਮੁਲਾਜਮ ਮੰਗਾਂ ਪ੍ਰਤੀ ਲਗਾਤਾਰ ਅਵੇਸਲਾਪਣ ਦਿਖਾ ਰਹੀ ਹੈ ਅਤੇ ਰਤੀ ਭਰ ਵੀ ਮੁਲਾਜਮ ਮੰਗਾਂ ਦਾ ਨਿਪਟਾਰਾ ਕਰਨ ਲਈ ਗੰਭੀਰ ਨਹੀਂ ਹੈ। ਆਗੂਆਂ ਨੇ ਕਿਹਾ ਕਿ ਮੁਲਾਜਮ ਮੰਗਾਂ ਦਾ ਨਿਪਟਾਰਾ ਕਰਨ ਲਈ ਗੰਭੀਰਤਾ ਨਾ ਦਿਖਾਉਣ ਦਾ ਖਮਿਆਜਾ ਪੰਜਾਬ ਸਰਕਾਰ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭੁਗਤਣਾ ਪੈ ਸਕਦਾ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰਦੀਪ ਰਾਣਾ, ਅਵਤਾਰ ਸਿੰਘ,ਅਕਲ ਚੰਦ ਸਿੰਘ, ਵਿੰਦਿਆ ਸਾਗਰ, ਨਿਰਮੋਲਕ ਸਿੰਘ ਹੀਰਾ, ਕਰਨੈਲ ਫਿਲੌਰ, ਚਮਨਦੀਪ ਸਿੰਘ, ਮਾਸਟਰ ਮਨੋਹਰ ਲਾਲ, ਸੰਜੀਵ ਕੁਮਾਰ, ਕੁਲਵਿੰਦਰ ਸਿੰਘ, ਕੁਲਵੰਤ ਰਾਮ ਰੁੜਕਾ, ਕੁਲਦੀਪ ਸਿੰਘ ਕੌੜਾ ਆਦਿ ਸਾਥੀ ਹਾਜਰ ਹੋਏ।

ਬੱਚਿਆਂ ਨੂੰ ਬਣਾਉਣਾ ਹੋਵੇਗਾ ਸੰਸਕਾਰੀ : ਮੁੱਖ ਮੰਤਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਸਮਾਜ ਤੋਂ ਨਸ਼ੇ ਨੂੰ ਜੜ ਤੋਂ ਮਿਟਾਉਣ ਲਈ ਬੱਚਿਆਂ ਨੂੰ ਸੰਸਕਾਰਵਾਨ ਬਨਾਉਣਾ ਹੋਵੇਗਾ। ਇਸ ਕੰਮ ਵਿਚ ਮਾਪਿਆਂ ਅਤੇ ਸਮਾਜਿਕ ਸੰਸਥਾਵਾਂ ਅਹਿਮ ਭੂਮਿਕਾ ਅਦਾ ਕਰ ਸਕਦੀਆਂ ਹਨ। ਹਰਿਆਣਾ ਸਰਕਾਰ ਵੀ ਨਸ਼ਾ ਮੁਕਤ ਹਰਿਆਣਾ ਬਨਾਉਣ ਲਈ ਵਿਸ਼ੇਸ਼ ਯਤਨ ਕਰ ਰਹੀ ਹੈ ਅਤੇ ਇਸ ਮੁਹਿਮ ਵਿਚ ਸਮਾਜਿਕ ਸੰਸਥਾਵਾਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ। ਨਸ਼ਾ ਮੁਕਤੀ ਦੀ ਦਿਸ਼ਾ ਵਿਚ ਕੀਤੇ ਜਾ ਰਹੇ ਸਾਡੇ ਯਤਨ ਯਕੀਨੀ ਤੌਰ 'ਤੇ ਸਵੱਛ ਸਮਾਜ ਦੀ ਸਥਾਪਨਾ ਲਈ ਬੇਹੱਦ ਮਹਤੱਵਪੂਰਨ ਸਾਬਤ ਹੋਣਗੇ।

ਕੱਪ ਰਾਇਲ ਕਿੰਗ ਕਬੱਡੀ ਕਲੱਬ ਯੂ ਐੱਸ ਏ ਨੇ ਜਿੱਤਿਆ

ਫਿਲੌਰ, (ਨਿਰਮਲ)- ਨਜਦੀਕੀ ਪਿੰਡ ਥਲਾਂ ਵਿਖੇ ਸ਼ਹੀਦ ਮਹਿੰਦਰ ਸਿੰਘ ਅਤੇ ਸ਼ਹੀਦ ਜੋਗਾ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਓਪਨ ਕਬੱਡੀ ਕੱਪ ਅਤੇ ਓਪਨ ਫੁੱਟਬਾਲ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਗਰ ਪੰਚਾਇਤ,ਐਨ.ਆਰ.ਆਈ ਵੀਰਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ । ਇਸ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਰਜਿੰਦਰ ਸੰਧੂ ਸੀਨੀਅਰ ਆਗੂ ਆਮ ਆਦਮੀ ਪਾਰਟੀ ਫਿਲੌਰ ਨੇ ਸ਼ਿਰਕਤ ਕੀਤੀ । ਪੰਜਾਬ ਭਰ ਤੋਂ ਵੱਖ-ਵੱਖ ਕਲੱਬਾਂ ਅਤੇ ਅਕੈਡਮੀਆ ਦੇ ਫਸਵੇਂ ਮੁਕਾਬਲੇ ਖਿੱਚ ਦਾ ਕੇਂਦਰ ਰਹੇ। ਫਾਇਨਲ ਮੈਚ ਰਾਇਲ ਕਿੰਗ ਕਬੱਡੀ ਕਲੱਬ ਯੂ.ਐਸ.ਏ ਅਤੇ ਲਿੱਤਰਾਂ ਕਬੱਡੀ ਕਲੱਬ ਵਿੱਚ ਹੋਇਆ ਜਿਸ ਨੂੰ ਰੋਇਲ ਕਿੰਗ ਕਲੱਬ ਨੇ ਜਿੱਤਿਆ। ਇਸ ਮੌਕੇ ਇਨਾਮ ਵੰਡ ਰਜਿੰਦਰ ਸੰਧੂ ਵੱਲੋਂ ਕੀਤੀ ਗਈ ਅਤੇ ਉਨ੍ਹਾਂ ਨੇ ਕਿਹਾ ਕਿ ਪਿੰਡਾਂ 'ਚ ਕਬੱਡੀ ਕੱਪ ਅਤੇ ਖੇਡ ਮੇਲੇ ਕਰਵਾਉਣ ਨਾਲ ਨੌਜਵਾਨ ਤੰਦਰੁਸਤ ਰਹਿੰਦੇ ਹਨ। ਉਨ੍ਹਾਂ ਕਬੱਡੀ ਕੱਪ ਕਰਵਾਉਣ ਵਾਲੇ ਸਮੂਹ ਐਨ.ਆਰ.ਆਈ ਵੀਰਾਂ ਅਤੇ ਪੰਚਾਇਤ ਦਾ ਧੰਨਵਾਦ ਕੀਤਾ । ਇਸ ਮੌਕੇ ਆਪ ਦੇ ਸੀਨੀਅਰ ਆਗੂ ਵਰਿੰਦਰ ਸਿੰਘ ਸੈਣੀ, ਗੁਰਪ੍ਰੀਤ ਸਹੋਤਾ, ਸੁਖਮਿੰਦਰ ਸਿੰਘ , ਬਿੱਲਾ ਯੂ ਕੇ, ਤੇਜਵੀਰ ਸਿੰਘ, ਸਤਨਾਮ ਸਿੰਘ ਕੈਨੇਡਾ,ਬੁਲੰਦ ਸਿੰਘ,ਹਰਬੰਸ ਸਿੰਘ ਲਿੱਧੜ, ਸਰਪੰਚ ਅਮਰੀਕ ਸਿੰਘ ,ਦਿਲਪ੍ਰੀਤ ਸਿੰਘ ਨਿਊਜੀਲੈਂਡ, ਹਰਚਰਨ ਲਸਾੜਾ, ਮਨੋਹਰ ਸਿੰਘ ਲਸਾੜਾ,ਧਰਮਿੰਦਰ ਨਗਰ, ਜੈਲਦਾਰ ਨਗਰ,ਗੁਰਮੇਲ ਸਿੰਘ ,ਅਮਰਜੀਤ ਫਿਲੌਰ ਅਤੇ ਹੋਰ ਹਾਜਰ ਸਨ ।

ਦੂਸਰਾ ਅੰਮ੍ਰਿਤ ਕੀਰਤਨ ਦਰਬਾਰ 9 ਨੂੰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਮੁਹੱਲਾ ਰਵਿਦਾਸ ਪੂਰਾ ਨੂਰਮਹਿਲ ਵਿਖੇ ਸੱਤਗੁਰ ਸੈਣ ਭਗਤ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਦੂਸਰਾ ਅੰਮ੍ਰਿਤਰਸ ਕੀਰਤਨ ਦਰਬਾਰ 9 ਦਸੰਬਰ ਦਿਨ ਸ਼ਨੀਵਾਰ ਨੂੰ ਸ਼ਾਮ 6 ਵਜੇ ਤੋਂ ਲੇ ਕੇ ਰਾਤ 10 ਵਜੇ ਤੱਕ ਕਰਵਾਇਆ ਜਾ ਰਿਹਾ ਹੈ । ਗੁਰਦੇਵ ਚੰਦ ਸਰੋਏ ਗੀਤਕਾਰ ਅਤੇ ਸਰੋਏ ਪਰਵਾਰ ਵਲੋਂ ਕਰਵਾਏ ਜਾ ਰਹੇ ਇਸ ਸੱਤਸੰਗ ਵਿੱਚ ਮੀਰੀ ਪੀਰੀ ਖਾਲਸਾ ਜਗਾਧਰੀ ਵਾਲੀਆਂ ਬੀਬੀਆਂ ਦਾ ਜਥਾ ਅਤੇ ਬਾਬਾ ਗੁਲਾਬ ਸਿੰਘ ਗੁਰਬਾਣੀ ਜੀ ਦੇ ਨਿਰੋਲ ਪ੍ਰਚਾਰ ਅਤੇ ਕੀਰਤਨ ਦੁਵਾਰਾ ਸੰਗਤਾਂ ਨੂੰ ਨਿਹਾਲ ਕਰਨਗੇ। ਨਿਰਮਲ ਸਰੋਏ ਅਤੇ ਗੁਰਦੇਵ ਚੰਦ ਸਰੋਏ ਨੇ ਸਮੂਹ ਸੰਗਤਾਂ ਨੂੰ ਇਸ ਕੀਰਤਨ ਦਰਬਾਰ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਹੈ। ਗੁਰੂ ਜੀ ਕੇ ਲੰਗਰ ਅਟੁੱਟ ਵਰਤਾਏ ਜਾਣਗੇ।

ਭਾਜਪਾ ਦੀ ਇਤਿਹਾਸਕ ਜਿੱਤ 'ਤੇ ਵੰਡੇ ਲੱਡੂ ਤੇ ਪਾਏ ਭੰਗੜੇ

ਫਿਲੌਰ (ਨਿਰਮਲ)- ਭਾਰਤੀ ਜਨਤਾ ਪਾਰਟੀ ਨੂੰ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ 'ਚ ਇਤਿਹਾਸਕ ਜਿੱਤ ਮਿਲੀ ਹੈ। ਤਿੰਨ ਰਾਜਾਂ 'ਚ ਬੀਜੇਪੀ ਪਾਰਟੀ ਦੀ ਇਤਿਹਾਸਕ ਜਿੱਤ ਦੀ ਖੁਸ਼ੀ ਵਿੱਚ ਫਿਲੌਰ ਮੰਡਲ ਦੇ ਪ੍ਰਧਾਨ ਵਿਨੋਦ ਰਹੇਜਾ ਦੀ ਅਗਵਾਈ 'ਚ ਲੱਡੂ ਵੰਡੇ ਅਤੇ ਢੋਲ ਦੀ ਤਾਲ ਤੇ ਭੰਗੜੇ ਪਾ ਕੇ ਖੁਸ਼ੀ ਦਾ ਇਜਹਾਰ ਕੀਤਾ। ਇਸ ਮੌਕੇ ਰਣਜੀਤ ਸਿੰਘ ਪਵਾਰ ਜ਼ਿਲ੍ਹਾ ਜਲੰਧਰ ਪ੍ਰਧਾਨ ਨੇ ਬੀਜੇਪੀ ਦੀ ਜਿੱਤ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਨੂੰ ਵੇਖਦੇ ਹੋਏ ਵੋਟਰਾਂ ਨੇ ਵੋਟਾਂ ਪਾਈਆਂ ਅਤੇ ਵਿਰੋਧੀ ਪਾਰਟੀਆਂ ਨੂੰ ਮੂੰਹ ਨਹੀਂ ਲਾਇਆ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਰਟੀ ਹਾਈਕਮਾਨ ਨੂੰ ਜਿੱਤ ਦੀਆਂ ਵਧਾਈਆਂ ਦਿੱਤੀਆਂ। ਰਹੇਜਾ ਨੇ ਜਿੱਤ ਦੀਆਂ ਪਾਰਟੀ ਹਾਈਕਮਾਨ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ 2027 'ਚ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੇਗੀ। ਆਮ ਆਦਮੀ ਪਾਰਟੀ ਤੇ ਹੋਰ ਪਾਰਟੀਆਂ ਤੋਂ ਲੋਕ ਦਾ ਮੋਹ ਭੰਗ ਹੋ ਚੁੱਕਾ ਹੈ । ਇਸ ਮੌਕੇ ਗੋਲਡੀ ਨਾਹਰ ਕਾਰਜਕਾਰਨੀ ਮੈਂਬਰ ਪੰਜਾਬ, ਸੁਖਵਿੰਦਰ ਸਿੰਘ ਲਾਡੀ ਯੁਵਾ ਮੋਰਚਾ ਪ੍ਰਧਾਨ ਜਲੰਧਰ ਦਿਹਾਤੀ, ਸ਼ਾਮ ਲਾਲ , ਅਮਿਤ ਗੁਪਤਾ, ਬੂਗਾ ਮੱਟੂ, ਗੁਲਸ਼ਨ ਮਦਾਨ, ਰੋਸ਼ਨ ਲਾਲ, ਸੁਖਦੇਵ ਕੁਮਾਰ, ਮਾਸਟਰ ਬਲਵਿੰਦਰ ਕੁਮਾਰ, ਬਾਬਾ ਸ਼ਾਮ ਮਲਾਲ, ਵਿਵੇਕ ਸ਼ਰਮਾ, ਸ਼ਿਵ ਸੈਣੀ, ਪਵਨ ਕੁਮਾਰ, ਮਨੀਸ਼ ਭਾਰਗਵ ਆਈ ਟੀ, ਹਰਪ੍ਰੀਤ ਸਿੰਘ, ਮਨਵਿੰਦਰ ਸਿੰਘ, ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਹਾਜਰ ਸਨ।

ਨਸ਼ਾ ਵਿਰੋਧੀ ਫਰੰਟ ਵੱਲੋਂ ਕਾਹਮਾ ਵਿਖੇ ਜਾਗੂਰਕਤਾ

5-DEC-PAGE-9.qxd 12/4/2023 10:44 PM Page 1

ਵੱਧ ਤੋਂ ਵੱਧ ਰੁੱਖ ਲਗਾਉਣਾ ਸਮੇਂ ਦੀ ਮੁੱਖ ਲੋੜ : ਸੰਤ ਸੀਚੇਵਾਲ

ਮੁਕੇਰੀਆਂ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਿੰਡ ਧਨੋਆ ਤੋਂ ਨਿਰਮਲ ਕੁਟੀਆ ਗਾਲੋਵਾਲ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਇਹ ਨਗਰ ਕੀਰਤਨ ਸਵੇਰੇ 8 ਵਜੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਧਨੋਆ ਤੋਂ ਰਵਾਨਾ ਹੋਇਆ। ਇਸ ਮੌਕੇ ਵਿਸ਼ੇਸ਼ ਰੂਪ ਵਿਚ ਪਹੁੰਚੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਪਵਿੱਤਰ ਨਦੀ ਦਾ ਜਲ ਪਿੰਡ ਧਨੋਆ ਤੋਂ ਸ਼ੁਰੂ ਹੁੰਦਾ ਹੈ। ਗੁਰੂ ਪਾਤਸ਼ਾਹ ਦੀ ਯਾਦ ਸਦਕਾ ਧੰਨ ਹੋ ਕੇ ਪਿੰਡ ਧਨੋਆ ਬਣ ਗਿਆ ਜੋ ਆਪਣੀ ਵੱਖਰੀ ਪਹਿਚਾਣ ਬਣਾਉਣ ਵਿਚ ਕਾਮਯਾਬ ਹੋਇਆ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਆਪਣੇ ਸੰਬੋਧਨ ਵਿਚ ਉਨ੍ਹਾਂ ਅਕਾਲ ਪੁਰਖ ਅੱਗੇ ਤਤਕਾਲੀ ਸਰਕਾਰਾਂ ਨੂੰ ਬਲ ਬਖਸ਼ਣ ਦੀ ਅਰਦਾਸ ਕੀਤੀ ਅਤੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਪਵਿੱਤਰ ਨਦੀ ਦੇ ਕੰਢਿਆਂ ਵਾਲੀ ਸੜਕ ਨੂੰ ਤੁਰੰਤ ਪੱਕਾ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਪਤਵੰਤਿਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਵੀ ਕੀਤਾ। ਇਸ ਮੌਕੇ ਹਲਕਾ ਦਸੂਹਾ ਦੇ ਵਿਧਾਇਕ ਐਡਵੋਕੇਟ ਕਰਮਬੀਰ ਸਿੰਘ ਘੁੰਮਣ, ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰੋਫੈਸਰ ਜੀ ਐਸ ਮੁਲਤਾਨੀ, ਮਾਰਕੀਟ ਕਮੇਟੀ ਚੇਅਰਮੈਨ ਹਰਜੀਤ ਸਿੰਘ ਸਹੋਤਾ, ਜਥੇਦਾਰ ਹਰਬੰਸ ਸਿੰਘ ਮੰਝਪੁਰ, ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਮੁਕੇਰੀਆਂ ਦੇ ਚੇਅਰਮੈਨ ਨੰਬਰਦਾਰ ਚੌਧਰੀ ਸਵਰਨ ਦਾਸ ਗੁਰੂ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਇੰਜੀਨੀਅਰ ਸਤਨਾਮ ਸਿੰਘ ਧਨੋਆ ਅਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਧਨੋਆ ਦੇ ਪ੍ਰਧਾਨ ਪਿਆਰਾ ਸਿੰਘ ਅਤੇ ਗੁਰਨਾਮ ਦਾਸ ਨੇ ਦੱਸਿਆ ਕਿ ਜਦੋਂ ਤੋਂ ਪਵਿੱਤਰ ਬੇਈਂ ਦੀ ਸਫਾਈ ਹੋਈ ਪਿੰਡ ਧਨੋਆ ਤੋਂ ਪਵਿੱਤਰ ਬੇਈਂ ਨਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇਸ ਮੌਕੇ ਗੁਰਨਾਮ ਦਾਸ, ਸਾਬਕਾ ਚੀਫ ਇੰਜੀਨੀਅਰ ਨਿਰਮਲ ਸਿੰਘ, ਭਾਈ ਮੋਹਨ ਸਿੰਘ, ਸੁਰਿੰਦਰ ਸਿੰਘ, ਬੀਬੀ ਸੁਨੀਤਾ ਦੇਵੀ, ਇੰਦਰਜੀਤ ਸਿੰਘ ਗਲੋਵਾਲ ਆਦਿ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਹਾਜਰ ਸਨ। ਇੰਜਨੀਅਰ ਸਤਨਾਮ ਸਿੰਘ ਧਨੋਆ ਅਤੇ ਗੁਰਨਾਮ ਦਾਸ ਨੇ ਦੱਸਿਆ ਕਿ ਇਹ ਨਗਰ ਕੀਰਤਨ ਪਿੰਡ ਧਨੋਆ ਤੋਂ ਸ਼ੁਰੂ ਹੋ ਕੇ ਹਿੰਮਤਪੁਰ, ਸਤਾਬਕੋਟ, ਵਢਾਈਆ, ਟੇਰਕੀਆਣਾ, ਚੂੜੀਆਂ, ਬੇਗਪੁਰ, ਭੇਖੋਵਾਲ, ਖੇਪੜਾ, ਸੈਦੋਵਾਲ, ਝੁੱਢੋ ਬਰਕਤ, ਛੋਡੀਆਂ ਆਦਿ ਦਰਜਨਾਂ ਪਿੰਡਾਂ ਵਿੱਚੋਂ ਲੰਘਦਾ ਹੋਇਆ ਨਿਰਮਲ ਕੁਟੀਆ ਗਾਲੋਵਾਲ ਵਿਚ ਜਾ ਕੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਸੰਤ ਬਲਬੀਰ ਸਿੰਘ ਸੀਂਚੇਵਾਲ ਨੇ ਰਸਤੇ ਵਿਚ ਹਜ਼ਾਰਾਂ ਫਲਦਾਰ, ਛਾਂਦਾਰ ਅਤੇ ਫੁੱਲਦਾਰ ਪੌਦਿਆਂ ਦਾ ਲੰਗਰ ਲਗਾਇਆ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ।

ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਵਿਰੁੱਧ ਵਿਸ਼ਾਲ ਰੋਸ ਰੈਲੀ 9 ਨੂੰ

ਜਲੰਧਰ (ਸ਼ੈਲੀ ਐਲਬਰਟ)-ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਸਿੱਖਿਆ ਮੰਤਰੀ ਦੇ ਜੱਦੀ ਪਿੰਡ ਵਿਖੇ ਨੌਂ ਦਸੰਬਰ ਨੂੰ ਵਿਸ਼ਾਲ ਰੋਸ ਰੈਲੀ ਕੀਤੀ ਜਾ ਰਹੀ ਹੈ। ਇਸ ਸਬੰਧੀ ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਕਰਨੈਲ ਫਿਲੌਰ, ਕੁਲਦੀਪ ਸਿੰਘ ਬਾਹਮਣੀਆਂ ਜ਼ਿਲ੍ਹਾ ਕਨਵੀਨਰ ਦੀ ਪ੍ਰਧਾਨਗੀ ਹੇਠ ਜਲੰਧਰ ਯਾਦਗਾਰੀ ਹਾਲ ਵਿੱਚ ਹੋਈ ਜਿਸ ਨੂੰ ਸੂਬਾਈ ਕਨਵੀਨਰ ਬਾਜ ਸਿੰਘ ਖਹਿਰਾ, ਸੁਰਿੰਦਰ ਪੁਆਰੀ ਅਤੇ ਪ ਸ ਸ ਫ ਦੇ ਸੂਬਾਈ ਸਕੱਤਰ ਤੀਰਥ ਸਿੰਘ ਬਾਸੀ ਨੇ ਸੰਬੋਧਨ ਕੀਤਾ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਲੱਖਾਂ ਹੀ ਬੱਚਿਆਂ ਅਤੇ ਉਨਾਂ ਨੂੰ ਪੜ੍ਹਾ ਰਹੇ ਹਜ਼ਾਰਾਂ ਹੀ ਅਧਿਆਪਕਾਂ ਦੇ ਅਨੇਕਾਂ ਮਸਲੇ ਪਿਛਲੇ ਲੰਬੇ ਸਮੇਂ ਤੋਂ ਜਿਉਂ ਦੇ ਤਿਉਂ ਖੜ੍ਹੇ ਹਨ। ਜਿਨਾਂ ਵਿੱਚ ਪ੍ਰਮੁੱਖ ਤੌਰ ਤੇ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਕੋਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਾਜਾਇਜ਼ ਤੌਰ 'ਤੇ ਸਰਟੀਫਿਕੇਟ ਫੀਸ ਦੇ ਨਾਂ 'ਤੇ ਸੈਂਕੜੇ ਰੁਪਈਏ ਪ੍ਰਤੀ ਵਿਦਿਆਰਥੀ ਵਸੂਲੇ ਜਾ ਰਹੇ ਹਨ ਜੋ ਕਿ ਸਿੱਖਿਆ ਅਧਿਕਾਰ ਐਕਟ ਦਾ ਸਿੱਧਾ ਹੀ ਵਿਰੋਧ ਹੈ। ਦੂਸਰੇ ਪਾਸੇ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਕੋਲੋਂ ਪ੍ਰੀਖਿਆ ਅਤੇ ਪ੍ਰੈਕਟੀਕਲ ਫੀਸਾਂ ਦੇ ਨਾਂ 'ਤੇ ਫੀਸਾਂ ਵਿੱਚ ਭਾਰੀ ਵਾਧਾ ਕਰਕੇ ਬੋਰਡ ਵੱਲੋਂ ਆਪਣੇ ਘਾਟੇ ਪੂਰੇ ਕੀਤੇ ਜਾ ਰਹੇ ਹਨ ਜਦਕਿ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਕਰੋੜਾਂ ਰੁਪਏ ਦਾ ਘਾਟਾ ਪੰਜਾਬ ਸਰਕਾਰ ਵੱਲੋਂ ਨਾ ਕੀਤੀਆਂ ਜਾਣ ਵਾਲੀਆਂ ਅਦਾਇਗੀਆਂ ਕਰਕੇ ਹੈ। ਆਗੂਆਂ ਇਹ ਵੀ ਦੱਸਿਆ ਕਿ ਅਧਿਆਪਕਾਂ ਦੇ ਅਨੇਕਾਂ ਮਸਲੇ ਜਿਨ੍ਹਾਂ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰਨਾ, ਮਹਿੰਗਾਈ ਭੱਤੇ ਸਮੇਤ ਅਨੇਕਾਂ ਬੰਦ ਹੋਏ ਭੱਤਿਆਂ ਨੂੰ ਮੁੜ ਬਹਾਲ ਕਰਾਉਣਾ, ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਅਧਿਆਪਕਾਂ ਦੇ ਹਰ ਕਾਡਰ ਦੀਆਂ ਵਿਭਾਗੀ ਤਰੱਕੀਆਂ ਸਮੇਂ ਸਿਰ ਕਰਵਾਉਣੀਆਂ, ਕੰਪਿਊਟਰ ਅਧਿਆਪਕਾਂ ਨੂੰ ਪਿਕਟਿਸ ਸੋਸਾਇਟੀ ਵਿੱਚੋਂ ਕੱਢ ਕੇ ਸਿੱਖਿਆ ਵਿਭਾਗ ਵਿੱਚ ਪੂਰੇ ਸਕੇਲਾਂ 'ਤੇ ਰੈਗੂਲਰ ਕਰਾਉਣਾ, ਬੰਦ ਹੋਈ ਏ ਸੀ ਪੀ ਸਕੀਮ ਨੂੰ ਮੁੜ ਬਹਾਲ ਕਰਾਉਣਾ, ਨਵੀਂ ਸਿੱਖਿਆ ਨੀਤੀ 2020 ਨੂੰ ਰੱਦ ਕਰਵਾ ਕੇ ਮੁੜ ਨਵੀਂ ਸਿੱਖਿਆ ਨੀਤੀ ਦਾ ਪੁਨਰ ਗਠਨ ਕਰਾਉਣਾ, ਕੱਚੇ ਅਧਿਆਪਕਾਂ ਨੂੰ ਪੂਰੇ ਸਕੇਲਾਂ ਤੇ ਰੈਗੂਲਰ ਕਰਾਉਣਾ ਆਦਿ ਸਮੇਤ ਅਨੇਕਾਂ ਹੀ ਮਸਲੇ ਜਿਉਂ ਦੇ ਤਿਉਂ ਹੀ ਖੜ੍ਹੇ ਹਨ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਜਾਂ ਪੰਜਾਬ ਦੇ ਸਿੱਖਿਆ ਵਿਭਾਗ ਵੱਲੋਂ ਉਪਰੋਕਤ ਮਸਲਿਆਂ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਨੌਂ ਦਸੰਬਰ ਨੂੰ ਸਿੱਖਿਆ ਮੰਤਰੀ ਦੇ ਜੱਦੀ ਪਿੰਡ ਵਿਖੇ ਵਿਸ਼ਾਲ ਰੋਸ ਰੈਲੀ ਦਾ ਸਾਂਝੇ ਅਧਿਆਪਕ ਮੋਰਚੇ ਵੱਲੋਂ ਆਯੋਜਨ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਸਿੱਖਿਆ ਮੰਤਰੀ ਪੰਜਾਬ ਦੀ ਹੋਵੇਗੀ। ਇਸ ਮੌਕੇ ਮੋਰਚੇ ਦੇ ਜਸਪਾਲ ਸਿੰਘ ਸੰਧੂ, ਕੁਲਦੀਪ ਬਾਹਮਣੀਆਂ, ਨਿਰਮੋਲਕ ਸਿੰਘ ਹੀਰਾ, ਕੁਲਵੰਤ ਰੁੜਕਾ, ਕੁਲਦੀਪ ਸਿੰਘ ਕੌੜਾ, ਅਵਤਾਰ ਸਿੰਘ, ਵਿਦਿਆ ਸਾਗਰ ਆਦਿ ਆਗੂ ਹਾਜ਼ਰ ਸਨ।

ਪਿੰਡ ਕਾਲੇਵਾਲ 'ਚ ਸਿਲਾਈ ਕਢਾਈ ਸੈਂਟਰ ਖੋਲ੍ਹਿਆ

ਕੁਰਾਲੀ (ਮੋਹਨ ਅਗਰਵਾਲ)-ਮਾਤਾ ਗੁਜਰ ਕੌਰ ਚਰਨ ਸੇਵਕ ਸੋਸਾਇਟੀ ਰਜਿ, ਚੰਡੀਗੜ੍ਹ ਵੱਲੋਂ ਪਿੰਡ ਕਾਲੇਵਾਲ ਵਿਖੇ ਲੋੜਵੰਦ ਲੜਕੀਆਂ ਅਤੇ ਔਰਤਾਂ ਲਈ ਮੁਫਤ ਸਿਲਾਈ ਸੈਂਟਰ ਖੋਲ੍ਹਿਆ ਗਿਆ। ਇਸ ਸਬੰਧੀ ਪ੍ਰਧਾਨ ਬੀਬੀ ਪਰਮਜੀਤ ਕੌਰ ਨੇ ਦੱਸਿਆ ਕਿ ਸਿਲਾਈ ਕਢਾਈ ਸੈਂਟਰ ਦਾ ਰਸਮੀ ਉਦਘਾਟਨ ਮੁੱਖ ਮਹਿਮਾਨ ਨਗਰ ਕੌਂਸਲ ਨਵਾਂ ਗਾਉਂ ਦੇ ਪਿੰਡ ਕਾਂਸਲ ਤੋਂ ਕੌਂਸਲਰ ਅਤੇ ਸਾਬਕਾ ਪ੍ਰਿੰਸੀਪਲ ਬੀਬੀ ਤਰਨਜੀਤ ਕੌਰ ਬੈਂਸ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਸ ਜੀ ਪੀ ਸੀ ਮੈਂਬਰ ਚਰਨਜੀਤ ਸਿੰਘ ਚੰਨਾ ਅਤੇ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਆਸ਼ਦੀਪ ਸਿੰਘ ਆਦਿ ਨੇ ਨਾਲ ਕੀਤਾ। ਬੀਬੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨਾਂ ਨੇ ਸੋਸਾਇਟੀ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨਾਂ ਕਿਹਾ ਕਿ ਖੋਲੇ ਗਏ ਮੁਫਤ ਸਿਲਾਈ ਕਢਾਈ ਸੈਂਟਰ ਵਿੱਚ ਲੜਕੀਆਂ, ਔਰਤਾਂ ਸਿਖਲਾਈ ਲੈ ਕੇ ਆਪਣੇ ਪੈਰਾਂ ਉਤੇ ਆਪ ਖੜ੍ਹਾ ਹੋ ਕੇ ਸਵੈ ਰੋਜ਼ਗਾਰ ਪ੍ਰਾਪਤ ਕਰ ਸਕਦੀਆਂ ਹਨ। ਸੋਸਾਇਟੀ ਦੇ ਪ੍ਰਧਾਨ ਬੀਬੀ ਪਰਮਜੀਤ ਕੌਰ ਨੇ ਕਿਹਾ ਕਿ ਸਿਖਿਆਰਥਣਾਂ ਨੂੰ ਛੇ ਮਹੀਨੇ ਦੀ ਸਿਖਲਾਈ ਕਰਨ ਤੋਂ ਬਾਅਦ ਪ੍ਰਮਾਣ ਪੱਤਰ ਦੇ ਕੇ ਨਿਵਾਜਿਆ ਜਾਵੇਗਾ।

ਲੁੱਟਾਂ ਖੋਹਾਂ ਕਰਨ ਵਾਲੇ ਦੋ ਦੋਸ਼ੀ ਗ੍ਰਿਫਤਾਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ , ਉਂਕਾਰ ਸਿੰਘ)- ਇੰਸਪੈਕਟਰ ਉਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਕੁਲਵੰਤ ਸਿੰਘ ਡੀ.ਐਸ.ਪੀ ਦੀ ਅਗਵਾਈ ਹੇਠ ਏ ਐਸ.ਆਈ.ਨਾਮਦੇਵ ਸਮੇਤ ਪੁਲਸ ਪਾਰਟੀ ਨੂੰ ਉਸ ਸਮੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਦੌਰਾਨੇ ਗਸ਼ਤ ਟਾਂਡਾ ਇਲਾਕੇ 'ਚ ਲੁੱਟ ਖੋਹਾਂ ਕਰਨ ਵਾਲੇ ਸੰਦੀਪ ਕੁਮਾਰ ਪੁੱਤਰ ਕੇਵਲ ਚੰਦ ਵਾਸੀ ਵਾਰਡ ਨੰਬਰ 6 ਗੁਰੂ ਨਾਨਕ ਦਰਬਾਰ ਮਿਆਣੀ ਥਾਣਾ ਟਾਂਡਾ, ਹਰਮਨਪ੍ਰੀਤ ਸਿੰਘ ਪੁੱਤਰ ਕੁਲਵੀਰ ਸਿੰਘ ਵਾਸੀ ਵਾਰਡ ਨੰਬਰ 3 ਮਿਆਣੀ ਥਾਣਾ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ ਇਕ ਸਕੂਟਰੀ, ਹਥਿਆਰ ਦਾਤਰ, ਇੱਕ ਟੋਪਸ ਸੋਨਾ ਅਤੇ ਇੱਕ ਜੋੜਾ ਵਾਲੀਆ ਆਰਟੀਫਿਸ਼ੀਅਲ ਬਰਾਮਦ ਕੀਤਾ ਹੈ। ਇਨ੍ਹਾਂ ਦੋਸ਼ੀਆਂ ਦੀ ਸਖਤੀ ਨਾਲ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾ ਵੱਲੋਂ ਪਿੰਡ ਮੂਨਕਾਂ ਵਾਸੀ ਦੋ ਔਰਤਾਂ ਕੋਲੋਂ 2 ਵਾਲੀਆਂ ਸੋਨਾ, ਇੱਕ ਟੋਪਸ ਸੋਨਾ ਤੋਂ ਖੋਹੇ ਸਨ ਤੇ ਵਿਸ਼ਵਕਰਮਾ ਮੰਦਰ ਟਾਂਡਾ ਤੋਂ ਇੱਕ ਰਾਹਗੀਰ ਆਦਮੀ ਦਾ ਮੋਬਾਇਲ ਅਤੇ ਟਾਂਡਾ ਪੁਲੀ ਤੋਂ ਇੱਕ ਰਾਹੀਗੀਰ ਸੈਰ ਕਰਦੀ ਔਰਤ ਦੀਆਂ ਵਾਲੀਆਂ (ਆਰਟੀਫੀਸ਼ੀਅਲ) ਵੀ ਉਨ੍ਹਾਂ ਵਲੋਂ ਖੋਹੀਆਂ ਸਨ। ਹਰਮਨਪ੍ਰੀਤ ਦੇ ਖਿਲਾਫ ਵੱਖ-ਵੱਖ ਜ਼ਿਲ੍ਹਿਆਂ ਵਿੱਚ 15 ਮੁਕੱਦਮੇ ਅਤੇ ਦੋਸ਼ੀ ਸੰਦੀਪ ਦੇ ਖਿਲਾਫ 2 ਮੁਕੱਦਮੇ ਦਰਜ ਹਨ।

ਐੱਮ ਸੀ ਨੇ ਲਗਾਇਆ ਲੰਗਰ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਭੋਗਪੁਰ ਵਿਖੇ ਐੱਮ ਸੀ ਜਸਪਾਲ ਸਿੰਘ ਵਲੋਂ ਹਰੇਕ ਸਾਲ ਦੀ ਤਰ੍ਹਾਂ ਲੰਗਰ ਲਗਾਇਆ ਗਿਆ। ਇਸ ਦੌਰਾਨ ਸੇਵਾ ਕਰ ਰਹੇ ਐਮ ਸੀ ਜਸਪਾਲ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕਾਫੀ ਸਾਲਾਂ ਤੋਂ ਗੁਰੂ ਮਹਾਰਾਜ ਦੀ ਕਿਰਪਾ ਨਾਲ ਲੰਗਰ ਸੇਵਾ ਕਰ ਰਹੇ ਹਨ। ਇਸ ਮੌਕੇ ਦੂਰ ਦੁਰਾਡੇ ਤੋਂ ਆਈਆਂ ਹੋਈਆਂ ਸਮੂਹ ਸੰਗਤਾਂ ਅਤੇ ਰਾਹਗੀਰਾਂ ਨੇ ਗੁਰੂ ਕਾ ਲੰਗਰ ਛਕਿਆ।

ਵਾਰਡ ਨੰਬਰ 10 'ਚ ਨਵੀਆਂ ਗਲੀਆਂ ਬਣਾਉਣ ਦਾ ਕੰਮ ਸ਼ੁਰੂ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਨਗਰ ਕੌਂਸਲ ਭੋਗਪੁਰ ਵਿਖੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਵਾਰਡ ਨੰਬਰ 10 ਵਿਚ ਨਵੀਆਂ ਗਲੀਆਂ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਵਾਰਡ ਪ੍ਰਧਾਨ ਕੁਲਦੀਪ ਸਿੰਘ ਪਾਵਲਾ, ਹਰਦੀਪ ਕੌਰ, ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਪਵਨ ਅਰੋੜਾ ਸ਼ਹਿਰੀ ਪ੍ਰਧਾਨ ਵਪਾਰ ਮੰਡਲ, ਤਰਲੋਕ ਸਿੰਘ ਸੈਣੀ, ਨਿਰਮਲ ਸਿੰਘ ਜੰਡੀਰ, ਸੂਬੇਦਾਰ ਸੋਹਨ ਸਿੰਘ, ਸੁਖਦੇਵ ਲਾਲ, ਸਤਨਾਮ ਸਿੰਘ ਮਨਕੋਟੀਆ, ਸੂਬੇਦਾਰ ਹੰਸਰਾਜ ਮੌਜੂਦ ਸਨ।

ਰੇਲਵੇ ਮੰਡੀ ਸਕੂਲ 'ਚ ਵਿਸ਼ਵ ਏਡਜ਼ ਦਿਵਸ ਮਨਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਵਿਖੇ ਪ੍ਰਿੰਸੀਪਲ ਲਲਿਤਾ ਅਰੋੜਾ ਦੀ ਅਗਵਾਈ ਹੇਠ ਵਿਸ਼ਵ ਏਡਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਨੇ ਬੱਚਿਆਂ ਨੂੰ ਸਵੇਰ ਦੀ ਸਭਾ ਵਿੱਚ ਏਡਜ਼ ਦੇ ਕਾਰਨ, ਇਸ ਦੇ ਲੱਛਣਾਂ ਅਤੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ। ਪ੍ਰਿੰਸੀਪਲ ਨੇ ਬੱਚਿਆਂ ਨੂੰ ਏਡਜ਼ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਆਪਣੇ ਘਰ ਅਤੇ ਆਪਣੇ ਆਂਢ-ਗੁਆਂਢ ਵਿੱਚ ਜਾ ਕੇ ਵੀ ਏਡਜ਼ ਬਾਰੇ ਜਾਗਰੂਕ ਕਰਨ ਤਾਂ ਜੋ ਹਰ ਇੱਕ ਵਿਅਕਤੀ ਨੂੰ ਏਡਜ਼ ਸਬੰਧੀ ਜਾਣਕਾਰੀ ਹੋ ਜਾਵੇ। ਵਿਸ਼ਵ ਏਡਜ਼ ਦਿਵਸ ਮੌਕੇ ਸਕੂਲ ਵਿੱਚ ਪੇਂਟਿਗ ਮੁਕਾਬਲੇ ਅਤੇ ਪੋਸਟਰ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਸਾਰੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਕੁਮਾਰੀ ਖੁਸ਼ਬੂ ਜਮਾਤ ਦਸਵੀਂ (ਡੀ), ਦੂਸਰਾ ਸਥਾਨ ਸੁਮਨ ਕੁਮਾਰੀ ਜਮਾਤ ਦਸਵੀਂ (ਡੀ) ਅਤੇ ਤੀਸਰਾ ਸਥਾਨ ਤਨੂੰ ਜਮਾਤ ਅੱਠਵੀਂ (ਬੀ) ਨੇ ਹਾਸਲ ਕੀਤਾ। ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਨੇ ਸਨਮਾਨਤ ਕੀਤਾ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ।

ਪੁਲਸ ਵੱਲੋਂ ਨਸ਼ਾ ਸਮੱਗਲਰ ਗ੍ਰਿਫਤਾਰ

**ਟਾਂਡਾ ਉੜਮੁੜ (ਜਸਵਿੰ

5-DEC-PAGE-10.qxd 12/4/2023 10:31 PM Page 1

ਥਰਮਲ ਲਹਿਰਾ ਦੇ ਠੇਕਾ ਮੁਲਾਜ਼ਮਾਂ ਵੱਲੋਂ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਜੀ. ਐੱਚ. ਟੀ. ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਲਹਿਰਾ ਮੁਹੱਬਤ ਦੀ ਥਰਮਲ ਗੇਟ 'ਤੇ ਹੋਈ ਮੀਟਿੰਗ ਵਿੱਚ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਜਗਰੂਪ ਸਿੰਘ, ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਮੀਤ ਪ੍ਰਧਾਨ ਬਲਜਿੰਦਰ ਸਿੰਘ ਮਾਨ ਅਤੇ ਹਰਦੀਪ ਸਿੰਘ ਤੱਗੜ ਨੇ ਕਿਹਾ ਕਿ ਬਿਜਲੀ ਮੁਲਾਜ਼ਮ ਜਥੇਬੰਦੀਆਂ ਵੱਲੋਂ 5 ਦਸੰਬਰ ਦੀ ਇੱਕ ਰੋਜ਼ਾ ਸਾਂਝੀ ਹੜਤਾਲ ਅਤੇ ਟੀ. ਐੱਸ. ਯੂ. (ਭੰਗਲ) ਵੱਲੋਂ ਹੜਤਾਲ ਕਰਨ ਤੋਂ ਅੱਗੇ 7 ਦਸੰਬਰ ਨੂੰ ਪਟਿਆਲਾ ਮੁੱਖ ਦਫ਼ਤਰ ਅੱਗੇ ਸੂਬਾ ਪੱਧਰ 'ਤੇ ਦਿੱਤੇ ਜਾਣ ਵਾਲੇ ਧਰਨਾ ਪ੍ਰੋਗਰਾਮ ਦੇ ਸੰਘਰਸ਼ ਸੱਦਿਆਂ ਦਾ ਉਨ੍ਹਾਂ ਦੀ ਜਥੇਬੰਦੀ ਭਰਪੂਰ ਸਮਰਥਨ ਕਰਕੇ ਸੰਘਰਸ਼ ਸਫਲਤਾ ਲਈ ਸਹਿਯੋਗ ਦਾ ਐਲਾਨ ਕਰਦੀ ਹੈ।

ਉਨ੍ਹਾਂ ਕਿਹਾ ਕਿ ਬਿਜਲੀ ਵਿਭਾਗ ਵਿੱਚ ਸੀ ਆਰ ਏ-295/19 ਤਹਿਤ ਭਰਤੀ ਕੀਤੇ ਸਹਾਇਕ ਲਾਇਨਮੈਨਾਂ ਦੇ ਤਿੰਨ ਸਾਲ ਦਾ ਪਰਖ਼ ਸਮਾਂ ਪੂਰਾ ਹੋਣ ਦੇ ਬਾਵਜੂਦ ਵੀ ਉਹਨਾਂ ਦੀ ਸੇਵਾਵਾਂ ਰੈਗੂਲਰ ਕਰਨ ਅਤੇ ਪੂਰੀ ਤਨਖਾਹ ਦੇਣ ਦੇ ਵਾਅਦੇ ਨੂੰ ਬੇ-ਬੁਨਿਆਦ ਅਦਾਲਤੀ ਫੈਸਲੇ ਨਾਲ ਜੋੜ ਕੇ ਰੋਕ ਦਿੱਤੇ ਜਾਣ ਦੇ ਵਿਰੋਧ 'ਚ ਸਾਂਝੀ ਹੜਤਾਲ ਤੇ ਧਰਨਾ ਪ੍ਰੋਗਰਾਮ ਗਿਆ ਹੈ। ਸੰਘਰਸ਼ ਦੀ ਹਮਾਇਤ ਵਿੱਚ 5 ਦਸੰਬਰ ਦੀ ਹੜਤਾਲ ਵਾਲ਼ੇ ਦਿਨ ਠੇਕਾ ਮੁਲਾਜ਼ਮਾਂ ਵੱਲੋਂ ਵਰਕ-ਟੂ-ਰੂਲ ਲਾਗੂ ਕੀਤਾ ਜਾਵੇਗਾ ਅਤੇ 7 ਦਸੰਬਰ ਦੇ ਪਟਿਆਲਾ ਧਰਨੇ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਆਗੂਆਂ ਨੇ ਪਾਵਰਕਾਮ ਮੈਨੇਜਮੈਂਟ ਤੇ ਸਰਕਾਰ ਤੋਂ ਮੰਗ ਕੀਤੀ ਕਿ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਬੇ-ਬੁਨਿਆਦ ਅਦਾਲਤੀ ਫ਼ੈਸਲਿਆਂ ਨੂੰ ਢਾਲ ਬਣਾ ਕੇ ਆਪਣੇ ਕੀਤੇ ਵਾਅਦਿਆਂ ਤੋਂ ਪਿੱਛੇ ਹਟ ਕੇ ਨਿਰਦੋਸ਼ ਮੁਲਾਜ਼ਮਾਂ ਨਾਲ਼ ਧੋਖੇ ਦੀ ਖੇਡ ਨੂੰ ਬੰਦ ਕਰੇ ਅਤੇ ਸਮੂਹ ਪੀੜਤ ਸਹਾਇਕ ਲਾਇਨਮੈਨਾਂ ਨੂੰ ਪੂਰੀ ਤਨਖਾਹ-ਸਕੇਲ ਦੇਣ ਅਤੇ ਰੈਗੂਲਰ ਕਰਨ ਦੇ ਕੀਤੇ ਵਾਅਦੇ ਨੂੰ ਪੂਰਾ ਕਰੇ ਅਤੇ ਚੇਤਾਵਨੀ ਵੀ ਦਿੱਤੀ ਕਿ ਕੀਤੇ ਵਾਅਦੇ ਪੂਰੇ ਨਾ ਕੀਤੇ ਤਾਂ ਠੇਕਾ ਮੁਲਾਜ਼ਮਾਂ ਸੰਘਰਸ਼ ਨੂੰ ਹੋਰ ਤੇਜ਼ ਕਰਨ ਦੀ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪਾਵਰਕਾਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

ਖੇਤੀਬਾੜੀ ਵਿਭਾਗ ਕਿਸਾਨਾਂ ਨੂੰ ਮਿਆਰੀ ਇਨਪੁਟਸ ਮੁਹੱਈਆ ਕਰਵਾਉਣ ਲਈ ਵਚਨਬੱਧ : ਮੁੱਖ ਖੇਤੀਬਾੜੀ ਅਫਸਰ

ਲੁਧਿਆਣਾ (ਰਾਜ ਸਿੰਗਲਾ)-ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਨਰਿੰਦਰ ਸਿੰਘ ਬੈਨੀਪਾਲ ਵੱਲੋਂ ਕਿਸਾਨਾਂ ਨੂੰ ਮਿਆਰੀ ਖੇਤੀਬਾੜੀ ਇਨਪੁਟਸ ਮੁਹੱਈਆ ਕਰਵਾਉਣ ਦੇ ਸਬੰਧ ਵਿੱਚ ਜ਼ਿਲ੍ਹੇ ਵਿਚਲੀਆਂ ਖਾਦ, ਬੀਜ ਅਤੇ ਕੀੜੇਮਾਰ ਦਵਾਈਆਂ ਦੇ ਡੀਲਰਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਡਾ. ਬੈਨੀਪਾਲ ਵੱਲੋਂ ਜ਼ਿਲੇ ਦੇ ਸਮੂਹ ਖਾਦ, ਬੀਜ ਅਤੇ ਕੀੜੇਮਾਰ ਦਵਾਈਆਂ ਦੇ ਡੀਲਰਾਂ ਨੂੰ ਸਖਤ ਤਾੜਨਾ ਕਰਦੇ ਹੋਏ ਕਿਹਾ ਗਿਆ ਕਿ ਖਾਦਾਂ ਜਾਂ ਹੋਰ ਕਿਸੇ ਵੀ ਖੇਤੀਬਾੜੀ ਇਨਪੁੱਟ ਨਾਲ ਕਿਸੇ ਵੀ ਤਰ੍ਹਾਂ ਦੀ ਟੈਗਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਟੈਗਿੰਗ ਕਰਨ ਵਾਲੀਆਂ ਫਰਮਾਂ ਅਤੇ ਜ਼ਿੰਮੇਵਾਰ ਵਿਅਕਤੀਆਂ ਦੇ ਖਿਲਾਫ ਖਾਦ (ਕੰਟਰੋਲ) ਆਰਡਰ 1985, ਇਨਸੈਕਟੀਸਾਈਡ ਐਕਟ 1968, ਸੀਡ ਐਕਟ 1966 ਅਤੇ ਜ਼ਰੂਰੀ ਵਸਤਾਂ ਐਕਟ 1955 ਦੇ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਜੇਕਰ ਕੋਈ ਡੀਲਰ ਫਰਮ ਕਿਸੇ ਵੀ ਤਰ੍ਹਾਂ ਦੀ ਟੈਗਿੰਗ ਕਰਦੀ ਹੈ ਤਾਂ ਤੁਰੰਤ ਖੇਤੀਬਾੜੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਜਿਲ੍ਹੇ ਅੰਦਰ ਕਿਸੇ ਵੀ ਤਰ੍ਹਾਂ ਦੀ ਟੈਗਿੰਗ ਨੂੰ ਰੋਕਿਆ ਜਾ ਸਕੇ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਵੀ ਯੂਰੀਆ ਖਾਦ ਦੀ ਲੋੜ ਅਨੁਸਾਰ ਹੀ ਵਰਤੋਂ ਬਾਰੇ ਰਾਏ ਦਿੰਦੇ ਹੋਏ ਕਿਹਾ ਕਿ ਖੇਤੀਬਾੜੀ ਇਨਪੁਟਸ ਦੀ ਸੁਚੱਜੀ ਵਰਤੋਂ ਸਬੰਧੀ ਦਫਤਰ ਮੁੱਖ ਖੇਤੀਬਾੜੀ ਦਫਤਰ ਲੁਧਿਆਣਾ ਅਤੇ ਦਫਤਰ ਬਲਾਕ ਖੇਤੀਬਾੜੀ ਅਫਸਰ ਵਿਖੇ ਕਿਸੇ ਸਮੇਂ ਵੀ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ। ਇਸ ਦੌਰਾਨ ਉਹਨਾਂ ਨਾਲ ਡਾ. ਗੌਰਵ ਧੀਰ ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ) ਲੁਧਿਆਣਾ, ਡਾ. ਪਰਦੀਪ ਸਿੰਘ ਟਿਵਾਣਾ, ਖੇਤੀਬਾੜੀ ਵਿਕਾਸ ਅਫਸਰ (ਪੀ.ਪੀ.) ਲੁਧਿਆਣਾ ਅਤੇ ਡਾ. ਹਰਪ੍ਰੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ, ਜਮਾਲਪੁਰ ਵੀ ਹਾਜ਼ਰ ਸਨ।

ਨਸ਼ੀਲੇ ਪਦਾਰਥ ਤੇ 7 ਲੱਖ ਨਗਦੀ ਸਮੇਤ ਮੁਲਜ਼ਮ ਕਾਬੂ, ਮਾਮਲਾ ਦਰਜ

ਨਾਭਾ (ਵਰਿੰਦਰ ਵਰਮਾ)

ਵਰੁਨ ਸ਼ਰਮਾ ਆਈ. ਪੀ. ਐਸ. ਸੀਨੀਆਰ ਕਪਤਾਨ ਪੁਲਸ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰਵੀਰ ਸਿੰਘ ਅਟਵਾਲ ਪੀ. ਪੀ. ਐੱਸ. ਕਪਤਾਨ ਪੁਲਸ ਇਨਵੈਸਟੀਗੇਸ਼ਨ ਪਟਿਆਲਾ ਅਤੇ ਦਵਿੰਦਰ ਕੁਮਾਰ ਅੱਤਰੀ ਉਪ ਕਪਤਾਨ ਪੁਲਸ ਨਾਭਾ ਦੀਆਂ ਹਦਾਇਤਾਂ ਅਨੁਸਾਰ ਨਸ਼ਾ ਸਮਗਲਰਾਂ ਖਿਲਾਫ ਵਿੱਢੀ ਗਈ ਸਪੈਸ਼ਲ ਮੁਹਿੰਮ ਨੂੰ ਉਸ ਵਕਤ ਵੱਡੀ ਕਾਮਯਾਬੀ ਹਾਸਲ ਹੋਈ, ਜਦੋਂ ਇੰਸਪੈਕਟਰ ਗੁਰਪ੍ਰੀਤ ਸਿੰਘ ਭਿੰਡਰ ਮੁੱਖ ਅਫਸਰ ਥਾਣਾ ਸਦਰ ਨਾਭਾ ਦੀ ਅਗਵਾਈ ਹੇਠ ਉਨ੍ਹਾਂ ਦੀ ਪੁਲਸ ਪਾਰਟੀ ਇੰਚਾਰਜ ਚੌਕੀ ਗਲਵਟੀ ਥਾਣੇ ਹਰਵਿੰਦਰ ਸਿੰਘ ਸਮੇਤ ਐਚ. ਸੀ. ਕੁਲਵੀਰ ਸਿੰਘ, ਸਿਪਾਹੀ ਅਮਨਪ੍ਰੀਤ ਸਿੰਘ, ਸਿਪਾਹੀ ਗੁਰਪਿੰਦਰ ਸਿੰਘ ਨੇ ਸ਼ੱਕੀ ਵਹੀਕਲਾਂ ਦੀ ਚੈਕਿੰਗ ਸਬੰਧੀ ਨਾਭਾ ਤੋਂ ਮਲੇਰਕੋਟਲਾ ਰੋਡ ਵੱਲ ਸੂਆ ਪੁਲੀ ਪਿੰਡ ਗਲਵੱਟੀ ਪਾਸ ਨਾਕਾ ਲਗਾਇਆ ਹੋਇਆ ਸੀ ਤਾਂ ਨਾਕਾਬੰਦੀ ਦੌਰਾਨ ਸ਼ੱਕੀ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਉਸ ਵਕਤ ਕਰੀਬ 07:40 ਪੀ. ਐਮ. ਤੇ ਮਲੇਰਕੋਟਲਾ ਸਾਇਡ ਤੋਂ ਇੱਕ ਹੌਂਡਾ ਸਿਟੀ ਗੱਡੀ ਰੰਗ ਚਿੱਟਾ ਆਉਂਦੀ ਦਿਖਾਈ ਦਿੱਤੀ। ਜੋ ਕਾਫੀ ਤੇਜ਼ੀ ਨਾਲ ਨਾਕੇ ਪਰ ਬੈਰੀਕੇਡ ਪਾਸ ਆ ਕੇ ਰੁੱਕੀ ਜਿਸ ਦਾ ਨੰਬਰ 26 5375 ਸੀ ਨੂੰ ਇੱਕ ਸੋਨਾ ਨਾਮ ਦਾ ਨੌਜਵਾਨ ਵਿਅਕਤੀ ਚਲਾ ਰਿਹਾ ਸੀ। ਉਸ ਨੂੰ

ਜਦੋਂ ਰੋਕਿਆ ਅਤੇ ਕਾਰ ਚਾਲਕ ਨੂੰ ਉਸ ਦਾ ਨਾਮ ਪੁੱਛਿਆ, ਜਿਸ ਨੇ ਆਪਣਾ ਨਾਂਅ ਹਨੀਸ ਵਰਮਾ ਉਰਫ ਜਿੰਮੀ ਪੁੱਤਰ ਰਰਨ ਲਾਲ ਵਾਸੀ ਮਕਾਨ ਨੰਬਰ 360 ਹੀਰਾ ਇੰਨਕਲੇਵ (ਪੁੱਡਾ) ਨਾਭਾ ਦੱਸਿਆ ਅਤੇ ਜਦ ਕਾਰ ਦੀ ਤਲਾਸ਼ੀ ਕੀਤੀ ਗਈ ਤਾਂ ਗੱਡੀ ਦੀ ਕੰਡਕਟਰ ਸਾਇਡ ਵਾਲੀ ਸੀਟ ਪਰ ਇੱਕ ਵੱਡਾ ਮੋਮੀ ਲਿਫਾਫਾ ਜਿਸਦਾ ਮੂੰਹ ਖੁੱਲ੍ਹਾ ਪਿਆ ਸੀ, ਬਰਾਮਦ ਹੋਇਆ, ਜਿਸ 'ਚੋਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਅਤੇ ਉਸੇ ਮੋਮੀ ਲਿਫਾਫਾ ਵਿਚੋਂ 500/500 ਰੁਪਏ ਦੇ ਨੋਟ ਕੁੱਲ 7 ਲੱਖ ਰੁਪਏ ਡਰੱਗ ਮਨੀ ਦੇ ਇੰਡੀਅਨ ਕਰੰਸੀ ਬਰਾਮਦ ਹੋਏ। ਚੈਕਿੰਗ ਕਰਨ 'ਤੇ ਗੱਡੀ ਦੇ ਡੈਸ਼ਬੋਰਡ ਵਿੱਚੋਂ ਹੈਰੋਇਨ ਕੁੱਲ 100 ਗ੍ਰਾਮ ਅਤੇ ਇੱਕ ਕਾਲੇ ਰੰਗ ਦਾ ਮੋਬਾਇਲ ਬਰਾਮਦ ਹੋਇਆ। ਥਾਣਾ ਸਦਰ ਨਾਭਾ ਵਿਚ ਖਿਲਾਫ ਹਨੀਸ ਵਰਮਾ ਉਦਫ ਜਿੰਮੀ ਪੁੱਤਰ ਰਤਨ ਲਾਲ ਵਾਸੀ ਮਕਾਨ ਨੰਬਰ 360 ਹੀਰਾ ਇਨਕਲੇਵ (ਪੁੱਡਾ) ਨਾਭਾ ਦੇ ਦਰਜ ਰਜਿਸਟਰ ਕੀਤਾ ਗਿਆ। ਮੁੱਢਲੀ ਪੁੱਛ-ਗਿੱਛ 'ਚ ਦੋਸ਼ੀ ਨੇ ਦੱਸਿਆ ਕਿ ਉਹ ਪੰਜਾਬੀ ਬਾਗ ਵਿਖੇ ਪਿਛਲੇ ਡੇਢ ਸਾਲ ਤੋਂ ਕਲੱਬ ਜਿੰਮ ਚਲਾਉਂਦਾ ਹੈ ਜਿਸ ਤੇ ਪਹਿਲਾਂ ਵੀ ਸਾਲ 2019 ਵਿੱਚ ਥਾਣਾ ਕੋਤਵਾਲੀ ਨਾਭਾ ਵਿਖੇ ਮੁਕੱਦਮਾ ਹੈ। ਵੱਡੀ ਮਾਤਰਾ 'ਚ ਗੋਲੀਆਂ ਅਤੇ 456 ਟੀਕੇ ਬ੍ਰਾਮਦ ਹੋਏ ਸਨ। ਪੁੱਛ-ਗਿਛ ਦੌਰਾਨ ਉਸ ਨੇ ਇਹ ਵੀ ਦੱਸਿਆ ਕਿ ਉਸ ਦਾ ਭਰਾ ਰਜੀਵ ਕੁਮਾਰ ਵਰਮਾ ਦੇ ਖਿਲਾਫ ਵੀ ਵੱਖ-ਵੱਖ ਥਾਣਿਆਂ ਵਿੱਚ ਐੱਨਡੀਪੀਐੱਸ ਐਕਟ ਦੇ ਮੁਕੱਦਮੇ ਦਰਜ ਹਨ ਅਤੇ ਉਹ ਇਸ ਸਮੇਂ ਕਰਨਾਲ ਜੇਲ ਵਿੱਚ ਬੰਦ ਹੈ।

ਤਿੰਨ ਸੂਬਿਆਂ 'ਚ ਮਿਲੀ ਜਿੱਤ 'ਤੇ ਭਾਜਪਾ ਆਗੂਆਂ 'ਚ ਖੁਸ਼ੀ ਦੀ ਲਹਿਰ

ਭਗਤਾ ਭਾਈ ਕਾ (ਰਾਜੀਵ ਗੋਇਲ)-ਆਏ ਨਤੀਜਿਆਂ ਵਿੱਚ ਦੇਸ਼ ਦੇ ਚਾਰ ਸੂਬਿਆਂ ਵਿੱਚੋਂ ਤਿੰਨ 'ਤੇ ਜਿੱਤ ਹਾਸਿਲ ਕਰਨ 'ਤੇ ਭਾਜਪਾ ਆਗੂਆਂ ਦੇ ਚਿਹਰੇ ਖਿੜੇ ਹੋਏ ਨਜ਼ਰ ਆਏ। ਇਸ ਮੌਕੇ ਆਪਣੀ ਖੁਸ਼ੀ ਜ਼ਾਹਿਰ ਕਰਦੇ ਹੋਏ ਭਾਜਪਾ ਆਗੂ ਗੁਰਬਿੰਦਰ ਭਗਤਾ, ਬਬਲੇਸ਼ ਕੁਮਾਰ, ਬੋਬੀ ਸਿੰਗਲਾ, ਪਵਨ ਗਰਗ, ਰਾਮ ਕੁਮਾਰ ਤੇ ਜਗਸੀਰ ਪੱਪੂ ਨੇ ਕਿਹਾ ਕਿ ਜਨਤਾ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਹੀ ਬੀਜੇਪੀ ਨੂੰ ਚੁਣਿਆ ਗਿਆ ਹੈ। ਉਨ੍ਹਾਂ ਆਮ ਆਦਮੀ ਪਾਰਟੀ ਤੇ ਵਿਅੰਗ ਕਸਦੇ ਹੋਏ ਕਿਹਾ ਕਿ ਇਸ਼ਤਿਹਾਰੀ ਪਾਰਟੀ ਆਪਣਾ ਖਾਤਾ ਖੋਲਣ ਵਿੱਚ ਵੀ ਕਾਮਯਾਬ ਨਾ ਹੋ ਸਕੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰੀ ਦਫਤਰਾਂ ਵਿੱਚ ਲੋਕਾਂ ਦੇ ਕੰਮ ਸੁਖਾਲੇ ਹੋਣ ਦਾ ਦਾਅਵੇ ਕਰ ਰਹੇ ਹਨ ਪਰ ਦੂਜੇ ਪਾਸੇ ਆਮ ਲੋਕ ਸਰਕਾਰੀ ਦਫਤਰਾਂ ਵਿੱਚ ਖੱਜਲ ਖੁਆਰ ਹੁੰਦੇ ਦੇਖੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਸੂਬੇ ਵਿੱਚ ਆਪਣਾ ਸਥਾਨ ਪਤਾ ਲੱਗ ਜਾਵੇਗਾ। ਉਧਰ ਦੂਜੇ ਪਾਸੇ ਚਾਰ ਸੂਬਿਆਂ 'ਚ ਹੋਈ ਇਸ ਕਰਾਰੀ ਹਾਰ ਕਾਰਨ ਮਾਯੂਸ ਹੀ ਨਜ਼ਰ ਆਏ।

ਖੁੱਡੀਆਂ ਮੋਰਚੇ 'ਚ ਸੰਗਤ ਬਲਾਕ ਤੋਂ ਮਜ਼ਦੂਰ ਪਰਵਾਰਾਂ ਸਮੇਤ ਸ਼ਾਮਲ ਹੋਣਗੇ : ਨਸਰਾਲੀ

ਸੰਗਤ ਮੰਡੀ (ਰਾਜਦੀਪ ਜੋਸ਼ੀ)

ਪੇਂਡੂ ਤੇ ਖੇਤ ਮਜ਼ਦੂਰਾਂ ਨੂੰ ਦਸ ਦਸ ਮਰਲੇ ਦੇ ਪਲਾਟ ਦਿਵਾਉਣ ਤੇ ਕੱਟੇ ਪਲਾਟਾਂ 'ਤੇ ਕਬਜ਼ੇ ਦਿਵਾਉਣ, ਮਨਰੇਗਾ ਕੰਮ ਦੀ ਦਿਹਾੜੀ 700 ਰੁਪਏ ਲੈਣ ਤੇ ਪਰਵਾਰ ਦੇ ਸਾਰੇ ਮੈਂਬਰਾਂ ਨੂੰ ਕੰਮ ਦੇਣ ਤੇ ਕੰਮ ਦਿਹਾੜੀ ਵਿੱਚ ਕੀਤਾ ਵਾਧਾ ਵਾਪਸ ਕਰਾਉਣ, ਬਾਲਗ ਔਰਤਾਂ ਨੂੰ ਹਜ਼ਾਰ ਰੁਪਏ ਮਹੀਨਾ ਦਿਵਾਉਣ, ਕੱਟੇ ਨੀਲੇ ਕਾਰਡ ਬਹਾਲ ਕਰਾਉਣ, ਲਾਲ ਲਕੀਰ ਅੰਦਰਲੇ ਮਕਾਨਾਂ ਦੇ ਮਾਲਕੀ ਹੱਕ ਲੈਣ ਅਤੇ ਮਜ਼ਦੂਰਾਂ 'ਤੇ ਹੁੰਦੇ ਸਮਾਜਿਕ ਜਬਰ ਨੂੰ ਖਤਮ ਕਰਾਉਣ ਆਦਿ ਮੰਗਾਂ ਨੂੰ ਲਾਗੂ ਕਰਾਉਣ ਲਈ 9 ਤੋਂ 11ਦਸੰਬਰ ਨੂੰ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ ਲੱਗਣ ਵਾਲੇ ਮੋਰਚੇ ਵਿੱਚ ਸੰਗਤ ਬਲਾਕ ਤੋਂ ਸੈਂਕੜੇ ਮਜ਼ਦੂਰ ਪਰਵਾਰਾਂ ਸਮੇਤ ਸ਼ਾਮਲ ਹੋਣਗੇ।

ਇਹ ਫੈਸਲਾ ਪਿੰਡ ਕੋਟਗੁਰੂ ਵਿਚ ਹੋਈ ਮਜ਼ਦੂਰਾਂ ਦੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਨੇ ਭਗਵੰਤ ਮਾਨ ਸਰਕਾਰ ਉੱਪਰ ਮਜ਼ਦੂਰ ਵਰਗ ਦੀ ਅਣਦੇਖੀ ਕਰਨ ਦਾ ਦੋਸ਼ ਲਾਉਂਦਿਆਂ ਆਖਿਆ ਕਿ ਆਪ ਸਰਕਾਰ ਵੱਲੋਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਾਗੂ ਕਰਨਾ ਤਾਂ ਦੂਰ, ਮੁੱਖ ਮੰਤਰੀ ਸਾਂਝੇ ਮਜ਼ਦੂਰ ਮੋਰਚੇ ਨੂੰ ਕਰੀਬ ਅੱਠ ਵਾਰ ਲਿਖਤੀ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗ ਕਰਨ ਤੋਂ ਹੀ ਮੁੱਕਰ ਗਏ। ਉਨ੍ਹਾਂ ਆਖਿਆ ਕਿ ਆਪ ਸਰਕਾਰ ਵੱਲੋਂ ਅੱਠ ਘੰਟਿਆਂ ਦੀ ਕੰਮ ਦਿਹਾੜੀ ਨੂੰ ਵਧਾ ਕੇ ਬਾਰਾਂ ਘੰਟੇ ਕਰਨ ਦਾ ਫੈਸਲਾ ਵੀ ਉਸਦੀ ਮਜ਼ਦੂਰ ਦੋਖੀ ਤੇ ਕਾਰਪੋਰੇਟ ਘਰਾਣਿਆਂ ਪੱਖੀ ਖਸਲਤ ਦਾ ਹੀ ਸਿੱਟਾ ਹੈ। ਉਨ੍ਹਾਂ ਆਖਿਆ ਕਿ ਬਦਲਾਅ ਦਾ ਝਾਂਸਾ ਦੇ ਕੇ ਸੱਤਾ 'ਚ ਆਈ ਆਪ ਸਰਕਾਰ ਵੀ ਅਕਾਲੀ, ਕਾਂਗਰਸੀ ਸਰਕਾਰਾਂ ਵਾਂਗ ਹੀ ਮਜ਼ਦੂਰ ਅਤੇ ਲੋਕ ਵਿਰੋਧੀ ਅਤੇ ਜਗੀਰਦਾਰਾਂ, ਸੂਦਖੋਰਾਂ ਤੇ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਲਾਗੂ ਕਰ ਰਹੀ ਹੈ।

ਸੂਬਾ ਪ੍ਰਧਾਨ ਨੇ ਕਿਹਾ ਕਿ ਕੈਬਨਿਟ ਸਬ ਕਮੇਟੀ ਨਾਲ ਹੋਈਆਂ ਸਾਂਝੇ ਮੋਰਚੇ ਦੀਆਂ ਮੀਟਿੰਗਾਂ 'ਚ ਮਜ਼ਦੂਰਾਂ ਨੂੰ ਕੱਟੇ ਪਲਾਟਾਂ ਦੇ ਕਬਜ਼ੇ ਦੇਣ, ਪੰਚਾਇਤੀ ਜ਼ਮੀਨ ਦੀਆਂ ਡੰਮੀ ਬੋਲੀਆਂ ਰੱਦ ਕਰਨ, ਅੰਦੋਲਨਾਂ ਦੌਰਾਨ ਬਣੇ ਕੇਸ ਵਾਪਸ ਲੈਣ ਵਰਗੀਆਂ ਮੰਗਾਂ ਪ੍ਰਵਾਨ ਕਰਨ ਦੇ ਬਾਵਜੂਦ ਇਨ੍ਹਾਂ 'ਤੇ ਵੀ ਕੋਈ ਅਮਲ ਨਹੀਂ ਕੀਤਾ ਗਿਆ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਦਾ ਤਸੱਲੀਬਖ਼ਸ਼ ਹੱਲ ਨਾ ਕੀਤਾ ਤਾਂ ਪੰਜਾਬ ਦੇ ਮਜ਼ਦੂਰ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

ਮੀਟਿੰਗ ਵਿੱਚ ਗੁਰਤੇਜ ਸਿੰਘ, ਹਰਵਿੰਦਰ ਸਿੰਘ ਕੋਟਗੁਰੂ, ਕਾਲਾ ਸਿੰਘ ਤੇ ਬਸੰਤ ਸਿੰਘ ਚੱਕ ਅਤਰ ਸਿੰਘ ਵਾਲਾ, ਬੂਟਾ ਸਿੰਘ ਸਿੰਘ ਰਾਊਕੇ ਕਲਾਂ, ਰਣਦੀਪ ਸਿੰਘ ਤੇ ਰਿਕੂ ਸਿੰਘ ਘੁੱਦਾ ਆਦਿ ਆਗੂ ਵਰਕਰ ਵੀ ਹਾਜ਼ਰ ਸਨ।

ਸੁਰੱਖਿਆ ਨਿਯਮਾਂ ਸੰਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿਖੇ ਪ੍ਰਿੰਸੀਪਲ ਸ਼ਿਆਮਾ ਨਾਇਰ ਦ

5-Dec-PAGE-11-Majha-23.qxd 12/4/2023 10:41 PM Page 1

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਵਿੱਤ ਮੰਤਰੀ ਤੇ ਐਸ ਐਸ ਪੀ ਦਾ ਪੁਤਲਾ ਫੂਕਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਪੇਂਡੂ ਧਨਾਢਾਂ ਤੇ ਅਫਸਰਸ਼ਾਹੀ ਦੇ ਗੱਠਜੋੜ ਦੀ ਸ਼ਹਿ 'ਤੇ ਦਲਿਤ ਮਜ਼ਦੂਰਾਂ ਦਾ ਨਜੂਲ ਜ਼ਮੀਨ ਦਾ ਹੱਕ ਖੋਹਣ ਲਈ ਪੰਜਾਬ ਪੁਲਸ ਦੀ ਵੱਡੀ ਨਫਰੀ ਵਲੋਂ ਸ਼ਾਦੀਹਰੀ (ਸੰਗਰੂਰ) ਦੇ ਦਲਿਤਾਂ ਦੇ ਘਰਾਂ ਉੱਤੇ ਹਮਲਾ ਕਰਨ, ਔਰਤਾਂ ਨਾਲ ਬਦਸਲੂਕੀ ਕਰਨ, ਸਮਾਨ, ਵਹੀਕਲਾਂ ਦੀ ਭੰਨਤੋੜ ਕਰਨ ਤੇ ਜਬਤ ਕਰਨ ਅਤੇ 25 ਦਲਿਤਾਂ ਨੂੰ ਗ੍ਰਿਫਤਾਰ ਕਰਨ ਦੀ ਤਿੱਖੇ ਸ਼ਬਦਾਂ 'ਚ ਨਿੰਦਾ ਕਰਦਿਆਂ ਵਿੱਤ ਮੰਤਰੀ ਹਰਪਾਲ ਚੀਮਾ ਤੇ ਐਸ ਐਸ ਪੀ ਸੰਗਰੂਰ ਦੀਆ ਪੰਜਾਬ ਭਰ 'ਚ 5 ਦਸੰਬਰ ਨੂੰ ਅਰਥੀਆਂ ਸਾੜਨ ਦਾ ਸੱਦਾ ਦਿੱਤਾ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਯੂਥ ਵਿੰਗ ਦੇ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਨਜੂਲ ਜਮੀਨ ਦਾ ਦਲਿਤ ਹੱਕ ਲੈਣ ਲਈ ਪਿੰਡ ਸਾਦੀਹਰੀ ਦਾ ਜ਼ਮੀਨੀ ਮੋਰਚਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਜਿਸ ਦਾ ਪ੍ਰਸ਼ਾਸਨ ਵੱਲੋਂ ਕੋਈ ਢੁੱਕਵਾਂ ਹੱਲ ਕਰਨ ਦੀ ਬਜਾਏ ਵਿੱਤ ਮੰਤਰੀ ਦੀ ਸ਼ਹਿ ਉੱਪਰ ਇਹਨਾਂ ਦਲਿਤ ਮਜ਼ਦੂਰਾਂ ਤੋਂ ਨਜੂਲ ਜਮੀਨ ਦਾ ਹੱਕ ਖੋਹ ਕੇ ਪਿੰਡ ਦੀ ਰਾਜਨੀਤਿਕ ਧੜੇਬੰਦੀ ਕਾਰਨ ਕੁਝ ਜਾਅਲਸਾਜ਼ੀ ਨਾਲ ਬਣੇ ਮੈਂਬਰ ਨੂੰ ਹੀ ਜ਼ਮੀਨ ਦੇਣ ਦੇ ਇਰਾਦੇ ਨਾਲ ਪਿੰਡ ਦੇ 250 ਘਰਾਂ ਦੇ ਦਲਿਤਾਂ ਨੂੰ ਜ਼ਮੀਨ 'ਚੋਂ ਡੰਡੇ ਦੇ ਜੋਰ 'ਤੇ ਪੁਲਸ ਵੱਲੋਂ ਖਦੇੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਜਥੇਬੰਦੀਆਂ ਨੇ ਸਰਕਾਰੀ ਸਹਿ 'ਤੇ ਕੀਤੀ ਗਈ ਪੁਲਸ ਕਾਰਵਾਈ ਖਿਲਾਫ ਪੰਜਾਬ ਭਰ 'ਚ ਵਿੱਤ ਮੰਤਰੀ ਹਰਪਾਲ ਚੀਮਾ ਤੇ ਐੱਸ ਐੱਸ ਪੀ ਸੰਗਰੂਰ ਦੇ ਪੁਤਲੇ ਸਾੜਨ ਦਾ ਹੋਕਾ ਦਿੱਤਾ ਅਤੇ ਨਾਲ ਹੀ ਐਲਾਨ ਕੀਤਾ ਕਿ ਪ੍ਰਸ਼ਾਸਨ ਆਪਣੀਆਂ ਦਲਿਤਾਂ ਵਿਰੋਧੀ ਹਰਕਤਾਂ ਤੋਂ ਬਾਜ ਆਵੇ ਨਹੀਂ ਤਾਂ ਐਮਰਜੈਂਸੀ ਮੀਟਿੰਗ ਕਰਕੇ ਇਸ ਦੇ ਪੱਕੇ ਹੱਲ ਦੀ ਵਿਉਂਤਬੰਦੀ ਘੜੀ ਜਾਵੇਗੀ ਅਤੇ ਇਸ ਮਸਲੇ ਨੂੰ 9, 10, 11 ਦਸੰਬਰ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਘਰਾਂ ਅੱਗੇ ਲਗਾਏ ਜਾ ਰਹੇ ਤਿੰਨ ਰੋਜਾ ਜੋਨ ਪੱਧਰੀ ਮੋਰਚਿਆਂ 'ਚ ਵੀ ਉਠਾਇਆ ਜਾਵੇਗਾ। ਇਸ ਮੌਕੇ ਹਾਜ਼ਰ ਸਾਥੀ ਦਲਬੀਰ ਸਿੰਘ, ਪਰਮਜੀਤ ਕੌਰ, ਸਲਵਿੰਦਰ ਸਿੰਘ, ਰੁਪਿੰਦਰ ਕੌਰ, ਰਾਣੀ, ਜੱਸਾ ਸਿੰਘ, ਸਰਬਜੀਤ ਕੌਰ, ਹਰਜਿੰਦਰ ਕੌਰ, ਪ੍ਰੇਮ ਸਿੰਘ, ਆਸ਼ਾ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਨੂੰ ਭਾਈ ਰਾਜੋਆਣਾ ਨਾਲ ਮੁਲਾਕਾਤ ਤੋਂ ਰੋਕਣਾ ਪੰਜਾਬ ਸਰਕਾਰ ਦਾ ਤਾਨਾਸ਼ਾਹੀ ਰਵੱਈਆ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪਟਿਆਲਾ ਜੇਲ੍ਹ 'ਚ ਨਜ਼ਰਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਵਿਰਸਾ ਸਿੰਘ ਵਲਟੋਹਾ ਨੂੰ ਮੁਲਾਕਾਤ ਕਰਨ ਤੋਂ ਰੋਕਣਾ ਪੰਜਾਬ ਸਰਕਾਰ ਦਾ ਤਾਨਾਸ਼ਾਹੀ ਰਵੱਈਆ ਹੈ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਇੱਕ ਪਾਸੇ ਪਿਛਲੇ 27 ਸਾਲਾਂ ਤੋਂ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਸਰਕਾਰਾਂ ਦੇ ਅੜੀਅਲ ਰਵੱਈਏ ਕਾਰਨ ਭੁੱਖ ਹੜਤਾਲ ਰੱਖਣ ਲਈ ਮਜ਼ਬੂਰ ਹਨ, ਜਦਕਿ ਦੂਸਰੇ ਪਾਸੇ ਸਿੱਖ ਕੌਮ ਵੱਲੋਂ ਉਨ੍ਹਾਂ ਨੂੰ ਮਨਾਉਣ ਦੇ ਯਤਨਾਂ 'ਚ ਵੀ ਪੰਜਾਬ ਸਰਕਾਰ ਵੱਲੋਂ ਅੜਿੱਕੇ ਡਾਹੇ ਜਾ ਰਹੇ ਹਨ।

ਐਡੋਵਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਅਜਿਹਾ ਹਠੀ ਰਵੱਈਆ ਸੂਬੇ ਲਈ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਵਫ਼ਦ ਨੇ ਭਾਈ ਰਾਜੋਆਣਾ ਵੱਲੋਂ 5 ਦਸਬੰਰ ਦੀ ਭੁੱਖ ਹੜਤਾਲ ਦੇ ਐਲਾਨ ਦੇ ਮੱਦੇਨਜ਼ਰ ਉਨ੍ਹਾਂ ਨਾਲ ਮੁਲਾਕਾਤ ਬੇਹੱਦ ਜ਼ਰੂਰੀ ਸੀ, ਜਿਸ ਨੂੰ ਵੇਖਦਿਆਂ ਪੰਜਾਬ ਸਰਕਾਰ ਨੂੰ ਸੰਜੀਦਾ ਭੂਮਿਕਾ ਅਦਾ ਕਰਦਿਆਂ ਆਪਣਾ ਹਠੀ ਰਵੱਈਆ ਛੱਡ ਕੇ ਸਮੇਂ ਦੀ ਨਾਜ਼ੁਕਤਾ ਨੂੰ ਅਨੁਸਾਰ ਮੁਲਾਕਾਤ ਕਰਵਾਉਣੀ ਚਾਹੀਦੀ ਸੀ।

ਕੈਬਿਨਟ ਮੰਤਰੀ ਈ ਟੀ ਓ ਨੇ 27 ਕਰੋੜ ਰੁਪਏ ਦੇ ਸੜਕੀ ਪ੍ਰੋਜੈਕਟਾਂ ਦੇ ਰੱਖੇ ਨੀਂਹ ਪੱਥਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਇਥੇ ਜੰਡਿਆਲਾ ਗੁਰੂ ਹਲਕੇ 'ਚ 27 ਕਰੋੜ ਰੁਪਏ ਦੇ ਦੋ ਸੜਕੀ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਦੱਸਿਆ ਕਿ ਇਨਾਂ ਸੜ੍ਹਕੀ ਪ੍ਰੋਜੈਕਟਾਂ ਨਾਲ ਹਲਕੇ ਦੇ 20 ਪਿੰਡਾਂ ਦੇ ਲੋਕਾਂ ਨੂੰ ਸਿੱਧਾ ਫਾਇਦਾ ਹੋਵੇਗਾ ਅਤੇ ਲੋਕਾਂ ਨੂੰ ਇੱਕ ਥਾਂ ਤੋਂ ਦੂਜੇ ਥਾਂ 'ਤੇ ਜਾਣ ਲਈ ਛੋਟੇ ਰੂਟ ਮਿਲਣਗੇ, ਜਿਸ ਨਾਲ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੋਹਾਂ ਦੀ ਬਚਤ ਹੋਵੇਗੀ।

ਲੋਕ ਨਿਰਮਾਣ ਮੰਤਰੀ ਨੇ ਸੂਬਾ ਸਰਕਾਰ ਵੱਲੋਂ ਸੀ ਆਰ ਆਈ ਐਫ ਸਕੀਮ ਅਧੀਨ ਅੰਮ੍ਰਿਤਸਰ ਮਹਿਤਾ ਸੜਕ ਅੱਡਾ ਬੋਪਾਰਾਏ ਤੋਂ ਅੰਮ੍ਰਿਤਸਰ-ਜਲੰਧਰ ਸੜਕ ਵਾਇਆ ਗਹਿਰੀ ਨਰਾਇਣਗੜ੍ਹ ਸੜਕ ਯੂ ਬੀ ਡੀ ਸੀ ਦੇ ਨਾਲ-ਨਾਲ 17.8 ਕਿਲੋਮੀਟਰ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਣ ਮੌਕੇ ਦੱਸਿਆ ਕਿ ਇਹ 18 ਫੁੱਟ ਚੌੜੀ ਸੜਕ ਬੋਪਾਰਾਏ ਤੋਂ ਗਹਿਰੀ ਨਰਾਇਣਗੜ੍ਹ ਤੱਕ ਨਹਿਰ ਦੀ 10 ਫੁੱਟ ਚੌੜੀ ਪਟਰੀ ਨੂੰ ਚੌੜੀ ਕਰਕੇ ਬਣਾਈ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਇਸਦੇ ਨਾਲ ਹੀ ਯੂ.ਬੀ.ਡੀ.ਸੀ. ਨਹਿਰ ਉੱਪਰ ਮੌਜੂਦਾ ਪੁੱਲ ਦੀ ਲੰਬਾਈ ਨੂੰ 80 ਫੁੱਟ ਤੋਂ 115 ਫੁੱਟ ਅਤੇ ਚੌੜਾਈ ਨੂੰ 16 ਫੁੱਟ ਤੋਂ 27 ਫੁੱਟ ਕੀਤਾ ਜਾਵੇਗਾ, ਜਿਸ 'ਤੇ 2 ਕਰੋੜ 69 ਲੱਖ 30 ਹਜ਼ਾਰ ਰੁਪਏ ਦੀ ਲਾਗਤ ਆਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਸੜਕ ਦੇ ਬਣਨ ਨਾਲ ਨੇੜਲੇ ਪਿੰਡਾਂ ਨੂੰ ਆਵਾਜਾਈ ਵਿੱਚ ਕਾਫ਼ੀ ਰਾਹਤ ਮਿਲੇਗੀ। ਇਸ ਉਪਰੰਤ ਸ: ਹਰਭਜਨ ਸਿੰਘ ਈ.ਟੀ.ਓ. ਨੇ 4 ਕਰੋੜ 37 ਲੱਖ 59 ਹਜ਼ਾਰ ਰੁਪਏ ਦੀ ਲਾਗਤ ਨਾਲ ਖੁਜਾਲਾ ਗਹਿਰੀ ਸੜਕ ਤੋਂ ਖੁਜਾਲਾ ਤਰਸਿੱਕਾ ਸੜਕ ਦੀ ਉਸਾਰੀ ਕਰਵਾਉਣ ਦਾ ਨੀਂਹ ਪੱਥਰ ਰੱਖਿਆ। ਉਨਾਂ ਦੱਸਿਆ ਕਿ ਇਸਲ 12 ਫੁੱਟ ਚੌੜੀ ਇਸ ਸੜਕ ਦੀ ਲੰਬਾਈ ਲਗਭਗ 6 ਕਿਲੋਮੀਟਰ ਹੋਵੇਗੀ। ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਨੇ ਜੰਡਿਆਲੇ ਹਲਕੇ ਨੂੰ ਵਿਕਾਸ ਪੱਖੋਂ ਅਣਗੌਲਿਆਂ ਰੱਖਿਆ ਅਤੇ ਇਸ ਹਲਕੇ ਦੀ ਸੜਕੀ ਆਵਾਜਾਈ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ, ਜਿਸ ਕਰਕੇ ਜੰਡਿਆਲਾ ਹਲਕੇ ਦੇ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਨਹੀਂ ਮਿਲ ਸਕੀਆਂ।

'ਚਾਲੀ ਦਿਨ' ਪੁਸਤਕ 'ਤੇ ਵਿਚਾਰ-ਚਰਚਾ ਅੱਜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਅੱਖਰ ਸਾਹਿਤ ਅਕਾਦਮੀ ਵੱਲੋਂ ਡਾ. ਗੁਰਪ੍ਰੀਤ ਸਿੰਘ ਧੁੱਗਾ ਦੀ ਪੁਸਤਕ ਚਾਲੀ ਦਿਨ ਉੱਤੇ ਵਿਚਾਰ ਗੋਸ਼ਟੀ 5 ਦਸੰਬਰ ਨੂੰ ਸਵੇਰੇ 10:30 ਵਜੇ ਕਾਨਫਰੰਸ ਹਾਲ, ਗੁਰੂ ਨਾਨਕ ਭਵਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਇਸ ਸੰਬੰਧੀ ਇਸ ਪ੍ਰੋਗਰਾਮ ਬਾਰੇ ਡਾ. ਮਨਜਿੰਦਰ ਸਿੰਘ (ਮੁਖੀ ਪੰਜਾਬੀ ਅਧਿਐਨ ਸਕੂਲ) ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਵਿਚਾਰ ਗੋਸ਼ਟੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਸੰਧੂ ਜੀ ਦੀ ਸਰਪ੍ਰਸਤੀ ਹੇਠ ਕਰਵਾਈ ਜਾਵੇਗੀ, ਜਿਸ ਵਿੱਚ ਮੁੱਖ ਵਕਤਾ ਡਾ. ਮਨਮੋਹਨ ਸਿੰਘ (ਆਈ. ਪੀ. ਐਸ.) ਹੋਣਗੇ ਅਤੇ ਡਾ. ਲਖਵਿੰਦਰ ਸਿੰਘ ਜੌਹਲ ਸਿੰਘ (ਸਕੱਤਰ, ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ) ਇਸ ਸਮਾਗਮ ਦੀ ਪ੍ਰਧਾਨਗੀ ਕਰਨਗੇ। ਇਸ ਤੋਂ ਇਲਾਵਾ ਡਾ. ਪਲਵਿੰਦਰ ਸਿੰਘ (ਪ੍ਰੋਫੈਸਰ ਇੰਚਾਰਜ ਪ੍ਰੀਖਿਆਵਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਵਿਖੇ ਆਸਟ੍ਰੇਲੀਅਨ ਵਿਦਵਾਨਾਂ ਨੇ ਕੀਤਾ ਦੌਰਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ ਵਿਖੇ ਯੂਨੀਵਰਸਿਟੀ ਆਫ਼ ਮੈਲਬੋਰਨ ਦੇ ਵਿਦਵਾਨਾਂ ਨੇ ਭਾਰਤ ਵਿਦਿਅਕ ਫ਼ੇਰੀ ਦੌਰਾਨ ਕਾਲਜ ਦਾ ਦੌਰਾ ਕੀਤਾ। ਇਸ ਮੌਕੇ ਪ੍ਰਿੰਸੀਪਲ ਨਾਨਕ ਸਿੰਘ ਨੇ ਸ੍ਰੀਮਾਨ ਗੈਬਰੀਅਲ ਕੀਮ ਅਤੇ ਆਸਕਰ ਫਿਪਸ ਦੇ ਕਾਲਜ ਵਿਹੜੇ ਪੁੱਜਣ 'ਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਨਾਨਕ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਉਕਤ ਵਿਦਵਾਨਾਂ ਨੇ ਕਾਲਜ ਦਾ ਦੌਰਾ ਕੀਤਾ ਅਤੇ ਸਿੱਖਿਆ ਪ੍ਰਣਾਲੀ ਤੇ ਕੋਰਸਾਂ ਦੀ ਵਿਭਿੰਨਤਾ ਬਾਰੇ ਆਪਣੇ ਵਿਚਾਰਾਂ ਦਾ ਵਿਦਿਆਰਥਣਾਂ ਨਾਲ ਆਦਾਨ-ਪ੍ਰਦਾਨ ਕੀਤਾ। ਉਨ੍ਹਾਂ ਨੇ ਕਾਲਜ ਵਿਖੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਦਾ ਦੌਰਾ ਕਰਦਿਆਂ ਗਾਰਮੈਂਟ ਟੈਕਨਾਲੋਜੀ, ਹੈਲਥ ਤੇ ਕਾਸਮੈਟੋਲੋਜੀ ਅਤੇ ਆਈ. ਟੀ. ਸੈਕਟਰ ਦੇ ਵੱਖ-ਵੱਖ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਨਾਨਕ ਸਿੰਘ ਨੇ ਕਿਹਾ ਕਿ ਇਸ ਵਿੱਦਿਅਕ ਦੌਰੇ ਨੇ ਉਕਤ ਵਿਦਵਾਨਾਂ 'ਤੇ ਕਾਲਜ ਦੇ ਵਾਤਾਵਰਣ, ਅਧਿਆਪਕਾਂ ਦੇ ਪੜ੍ਹਾਏ ਸੰਬੰਧਾਂ, ਸਿੱਖਿਆ ਦੀ ਗੁਣਵੱਤਾ, ਜਮਾਤੀ ਮਾਹੌਲ ਅਤੇ ਅਧਿਆਪਕਾਂ ਦੀ ਭੂਮਿਕਾ ਆਦਿ ਸੰਬੰਧੀ ਚੰਗੀ ਛਾਪ ਛੱਡੀ। ਇਸ ਮੌਕੇ ਨਾਨਕ ਸਿੰਘ ਨੇ ਸ੍ਰੀ ਕੀਮ ਅਤੇ ਫ਼ਿਪਸ ਨੂੰ ਪੰਜਾਬੀ ਸੱਭਿਅਤਾ ਤੇ ਵਿਰਸੇ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ।

ਗੁਰੂ ਨਾਨਕ ਦੇਵ ਜੀ ਦਾ ਅਵਤਾਰ ਗੁਰਪੁਰਬ ਮਨਾਇਆ

ਝਬਾਲ (ਮੱਖਣ ਮਨੋਜ) ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਝਬਾਲ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਦਾ ਅਵਤਾਰ ਗੁਰਪੁਰਬ ਮਨਾਇਆ ਗਿਆ ਅਤੇ ਸਕੂਲ ਨੂੰ ਪਿਛਲੇ ਸਮੇਂ ਮਿਲੀ 10+2 ਦੀ ਮਾਨਤਾ ਲਈ ਸ਼ੁਕਰਾਨੇ ਹਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਤੋਂ ਉਪਰੰਤ ਖੁੱਲੇ ਪੰਡਾਲ 'ਚ ਦੀਵਾਨ ਸਜਾਏ ਗਏ, ਜਿਸ 'ਚ ਸਕੂਲ ਵਿਦਿਆਰਥੀਆਂ ਵੱਲੋਂ ਕੀਰਤਨ, ਕਵੀਸ਼ਰੀ ਅਤੇ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧਤ ਲੈਕਚਰ ਪੇਸ਼ ਕੀਤੇ ਗਏ। ਇਸ ਸਮੇਂ ਦਿੱਲੀ ਗੁਰਦਆਰਾ ਪ੍ਰਬੰਧਕ ਧਰਮ ਪ੍ਰਚਾਰ ਕਮੇਟੀ ਦੇ ਪੰਜਾਬ ਸਟੇਟ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਹੁਰਾਂ ਨੇ ਸਮੂਹ ਸਕੂਲ ਵਿਦਿਆਰਥੀਆਂ ਅਤੇ ਸਟਾਫ ਮੈਂਬਰਜ਼ ਨੂੰ ਸੰਬੋਧਨ ਕੀਤਾ। ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਇਆ ਨੈਤਿਕ ਕਦਰ ਕੀਮਤਾਂ ਦੀ ਪਾਲਣਾ ਕਰਦੇ ਹੋਏ ਇਕ ਵਧੀਆ ਅਤੇ ਸੁਚੱਜਾ ਜੀਵਨ ਜੀਉਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਉਹਨਾ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਪ੍ਰਮਜੀਤ ਸਿੰਘ ਸੋਹਲ ਨੇ ਸਕੂਲ ਕਮੇਟੀ ਵੱਲੋਂ ਚੇਅਰਮੈਨ ਮਨਜੀਤ ਸਿੰਘ ਭੋਮਾ ਅਤੇ ਨਾਲ ਆਏ ਪ੍ਰਚਾਰਕ ਸਾਹਿਬਾਨ ਅੰਗਰੇਜ ਸਿੰਘ, ਰਣਜੀਤ ਸਿੰਘ, ਇੰਚਾਰਜ ਕੁਲਬੀਰ ਸਿੰਘ, ਮਨਤੇਜ ਸਿੰਘ ਸੰਤੋਖ ਸਿੰਘ ਅਤੇ ਰਾਜਬੀਰ ਸਿੰਘ ਹੁਰਾਂ ਨੂੰ ਸਨਮਾਨਿਤ ਕੀਤਾ। ਇਸ ਸਮੇਂ ਸਰਪੰਚ ਨਰਿੰਦਰ ਕੁਮਾਰ ਪੱਪਾ, ਕੰਵਲ ਢਿੱਲੋਂ, ਦਵਿੰਦਰ ਸੋਹਲ, ਮੱਖਣ ਮਨੋਜ, ਸਰਬਜੀਤ ਸਿੰਘ ਗੱਗੋਬੂਆ, ਮੈਨੇਜਿੰਗ ਕਮੇਟੀ ਸਕੱਤਰ ਹਰਜਿੰਦਰਪਾਲ ਸਿੰਘ, ਮੈਨੇਜਰ ਸਿਮਰਤਪਾਲ ਸਿੰਘ, ਕਲਰਕ ਬਲਵਿੰਦਰ ਸਿੰਘ, ਰਵਿੰਦਰ ਸਿੰਘ, ਵਿਜੈ ਕੁਮਾਰ, ਮਨਦੀਪ ਕੌਰ, ਕਿਰਨਜੋਤ, ਮਨਬੀਰ ਕੌਰ, ਕਰਮਜੀਤ ਕੌਰ, ਅਮਨਦੀਪ ਕੌਰ, ਵਰਿੰਦਰ ਕੌਰ, ਦਵਿੰਦਰ ਸਿੰਘ, ਨਵਦੀਪ ਕੌਰ, ਕੁਲਵੰਤ ਕੌਰ, ਗੁਰਿੰਦਰ ਕੌਰ, ਸੋਨਮਪ੍ਰੀਤ ਕੌਰ, ਸਰਨਜੀਤ ਕੌਰ ਆਦਿ ਸ਼ਾਮਲ ਹੋਏ।

ਸਰਹੱਦ ਤੋਂ ਪਾਕਿ ਡਰੋਨ ਬਰਾਮਦ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਥਾਣਾ ਖਾਲੜਾ ਦੀ ਪੁਲਸ ਨੇ ਇੰਟੈਲੀਜੈਂਸ ਦੀ ਗੁਪਤ ਸੂਚਨਾ ਦੇ ਅਧਾਰ 'ਤੇ ਸਬ ਡਵੀਜਨ ਭਿੱਖੀਵਿੰਡ ਦੇ ਡੀ ਐਸ ਪੀ ਪ੍ਰੀਤ ਇੰਦਰ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਕਲਸੀਆਂ ਦੇ ਖੇਤਾਂ ਵਿੱਚੋਂ ਪਾਕਿਸਤਾਨੀ ਡਰੋਨ ਨੂੰ ਬਰਾਮਦ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੀਆਂ ਡੀ ਐਸ ਪੀ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਇੰਟੈਲੀਜੈਂਸ ਅਤੇ ਜ਼ਿਲ੍ਹਾ ਪੁਲਸ ਦੀ ਟੀ

5-DEC-PAGE-12.qxd 12/4/2023 10:40 PM Page 1

ਦਵਿੰਦਰ ਸਿੰਘ ਜਟਾਣਾ ਬਣੇ ਤੀਜੀ ਵਾਰ ਜਨਰਲ ਸਕੱਤਰ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੰਬੀ)- ਕੁੱਲ ਹਿੰਦ ਸਟੇਟ ਬੈਂਕ ਪਟਿਆਲਾ ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਕਾਨਫਰੰਸ ਹੋਈ, ਜਿਸ ਵਿੱਚ ਉੱਤਰੀ ਭਾਰਤ ਦੇ ਦੋ ਸੌ ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ। ਯੂਨੀਅਨ ਦੇ ਸਰਪ੍ਰਸਤ ਪ੍ਰਦੁਮਣ ਸਿੰਘ ਅਤੇ ਜਥੇਬੰਦਕ ਸਕੱਤਰ ਜਸਵੀਰ ਸਿੰਘ ਨੇ ਦੱਸਿਆ ਕਿ ਕਾਨਫਰੰਸ ਦਾ ਉਦਘਾਟਨ ਮਿਤਰਾ ਵਾਸ਼ੂ ਜੁਆਇੰਟ ਜਨਰਲ ਸਕੱਤਰ ਆਲ ਇੰਡੀਆ ਬੈਂਕ ਰੀਟਾਈਰਜ਼ ਫੈਡਰੇਸ਼ਨ ਨੇ ਕੀਤਾ, ਜਦੋਂ ਕਿ ਏ.ਕੇ. ਬਾਂਸਲ ਡਿਪਟੀ ਜਨਰਲ ਸਕੱਤਰ ਏ. ਆਈ.ਬੀ.ਆਰ.ਐਫ.ਅਤੇ ਐਸ.ਕੇ ਗੌਤਮ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਨ੍ਹਾਂ ਤੋਂ ਇਲਾਵਾ ਗੁਰਚਰਨ ਸਿੰਘ ਸਿੱਧੂ ਸਕੱਤਰ ਉੱਤਰੀ ਭਾਰਤ ਫੈਡਰੇਸ਼ਨ ਅਤੇ ਨਰੇਸ਼ ਗੌੜ ਜਨਰਲ ਸਕੱਤਰ ਐਸ.ਬੀ.ਆਈ. ਯੂਨੀਅਨ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ । ਕਾਨਫਰੰਸ ਦੌਰਾਨ ਨਿਰਮਲ ਸਿੰਘ ਧਾਰੀਵਾਲ ਜਨਰਲ ਸਕੱਤਰ ਏ.ਆਈ.ਟੀ.ਯੂ.ਸੀ.ਪੰਜਾਬ ਨੇ ਦੇਸ਼ ਦੀ ਆਰਥਿਕ ਹਾਲਤ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਜ਼ਿਕਰ ਕੀਤਾ । ਮਿਤਰਾ ਵਾਸ਼ੂ ਨੇ ਕਾਨਫਰੰਸ ਦੀ ਸਫਲਤਾ ਦੀ ਕਾਮਨਾ ਕਰਦਿਆਂ ਪਿਛਲੇ ਸਮੇਂ ਫੈਮਿਲੀ ਪੈਨਸ਼ਨ ਅਤੇ ਡੀ.ਏ. ਫਾਰਮੂਲੇ ਦੀ ਇਕਸਾਰਤਾ ਵਰਗੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਪੈਨਸ਼ਨ ਵਿੱਚ ਵਾਧੇ ਦੀ ਮੰਗ ਨੂੰ ਲੈ ਕੇ ਸੰਘਰਸ਼ ਦੀ ਤਿਆਰੀ ਦਾ ਸੱਦਾ ਦਿੱਤਾ। ਦਵਿੰਦਰ ਸਿੰਘ ਜਟਾਣਾ ਨੇ ਮੰਗ ਕੀਤੀ ਕਿ ਰੀਟਾਈਰਜ਼ ਨਾਲ ਹਰ ਕੁਆਟਰ ਦੁਵਲੀ ਮੀਟਿੰਗ ਕੀਤੀ ਜਾਵੇ । ਇਸ ਤੋਂ ਬਾਅਦ ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਤਿੰਨ ਸਾਲਾਂ ਲਈ ਚੋਣ ਕੀਤੀ ਗਈ , ਜਿਸ ਵਿੱਚ ਦਵਿੰਦਰ ਸਿੰਘ ਜਟਾਣਾ ਨੂੰ ਮੁੜ ਜਨਰਲ ਸਕੱਤਰ , ਐਮ.ਐਸ. ਧਵਨ ਨੂੰ ਪ੍ਰਧਾਨ ਅਤੇ ਤਰਲੋਚਨ ਸਿੰਘ ਪੰਦੋਹਲ ਨੂੰ ਸਹਾਇਕ ਜਨਰਲ ਸਕੱਤਰ ਚੁਣਿਆ ਗਿਆ ਹੈ । ਜ਼ਿਕਰਯੋਗ ਹੈ ਕਿ ਦਵਿੰਦਰ ਸਿੰਘ ਜਟਾਣਾ ਨੂੰ ਯੂਨੀਅਨ ਵੱਲੋਂ ਤੀਜੀ ਵਾਰ ਜਨਰਲ ਸਕੱਤਰ ਚੁਣਿਆ ਗਿਆ ਹੈ ।

ਕਲਪਤਰੂ ਪ੍ਰਾਜੈਕਟ ਇੰਟਰਨੈਸ਼ਨਲ ਵੱਲੋਂ ਵਿਸ਼ਵ ਏਡਜ਼ ਦਿਵਸ ਮੌਕੇ ਸੈਮੀਨਾਰ

ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ) : ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਰੇਲਵੇ ਲਾਈਨਾਂ ਬਿਜਲੀਕਰਨ ਕਰ ਰਹੀ ਕੰਪਨੀ ਕਲਪਤਰ ਪ੍ਰਾਜੈਕਟ ਇੰਟਰਨੈਸ਼ਨਲ ਲਿਮਟਿਡ ਰੇਲਵੇ ਪ੍ਰਾਜੈਕਟ ਦੇ ਰੇਲਵੇ ਸਟੇਸ਼ਨ (ਜੰ:) ਲੋਹੀਆਂ ਖਾਸ ਵਿਖੇ ਸਥਿਤ ਮੁੱਖ ਦਫਤਰ ਵਿਖੇ ਵਿਸ਼ਵ ਏਡਜ ਦਿਵਸ ਮੌਕੇ ਆਪਣੇ ਕਰਮਚਾਰੀਆਂ ਤੇ ਹੋਰ ਸਟਾਫ ਨੂੰ ਨਾਮੁਰਾਦ ਬਿਮਾਰੀ ਏਡਜ ਤੋਂ ਸੁਚੇਤ ਰੱਖਣ ਲਈ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਐੱਚ ਐੱਮ ਸੀ ਹਸਪਤਾਲ ਲੋਹੀਆਂ ਦੇ ਡਾ. ਰੌਚਕ ਗੋਇਲ ਨੇ ਹਾਜ਼ਰ ਕਰਮਚਾਰੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਏਡਜ ਹੁਣ ਲਾ-ਇਲਾਜ ਨਹੀਂ ਰਹੀ ਇਸ ਦਾ ਹਰ ਸਰਕਾਰੀ ਹਸਪਤਾਲ ਵਿੱਚ ਮੁਫਤ ਟੈਸਟ ਹੁੰਦੇ ਹਨ ਅਤੇ ਇਸ ਦੀ ਦਵਾਈ ਵੀ ਫਰੀ ਦਿੱਤੀ ਜਾਂਦੀ ਹੈ। ਇਸ ਮੌਕੇ ਜੀ ਐੱਮ ਰਣਜੀਤ ਸਿੰਘ ਸ਼ਾਨ ਉਚੇਚੇ ਤੌਰ 'ਤੇ ਸੈਮੀਨਾਰ 'ਚ ਸ਼ਾਮਲ ਹੋਏ, ਜਦਕਿ ਸੈਮੀਨਾਰ ਦੌਰਾਨ ਸੁਨੀਤ ਧੋਕਾ ਡੀ ਵਾਈ ਪ੍ਰਧਾਨ ਕਮਰਸ਼ੀਅਲ, ਨਰੇਦਰ ਸਿੰਘ ਸੇਫਟੀ ਇੰਚਾਰਜ, ਕਲਪਤਰੂ ਦਾ ਸਟਾਫ, ਵਰਕਰ ਅਤੇ ਡਰਾਇਵਰ ਵੀ ਹਾਜ਼ਰ ਸੀ।

ਲਾਈਨ ਕਿੰਗ ਯੂਥ ਕਲੱਬ ਦੇਹਰੀਵਾਲ ਨੇ ਵਾਟਰ ਟੈਂਕ ਇਲਾਕੇ ਦੀ ਸੇਵਾ 'ਚ ਕੀਤਾ ਭੇਟ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਪਿੰਡ ਦੇਹਰੀਵਾਲ ਨਾਲ ਸੰਬੰਧਿਤ ਸਮਾਜ ਸੇਵੀ ਸੰਸਥਾ ਲਾਈਨ ਕਿੰਗ ਯੂਥ ਕਲੱਬ ਵੱਲੋਂ ਆਪਣੇ ਸਮਾਜ ਸੇਵੀ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਪਿੰਡ ਅਤੇ ਇਲਾਕੇ ਵਾਸਤੇ ਤਿਆਰ ਕਰਵਾਇਆ ਗਿਆ ਪਾਣੀ ਵਾਲਾ ਟੈਂਕਰ ਸੇਵਾ 'ਚ ਸਮਰਪਿਤ ਕੀਤਾ ਗਿਆ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ 'ਚ ਕਰਵਾਏ ਗਏ ਸਮਾਗਮ ਦੌਰਾਨ ਪਿੰਡ ਦੇ ਨੌਜਵਾਨਾਂ ਨੇ ਕਰੀਬ 3500 ਲੀਟਰ ਦੀ ਸਮਰੱਥਾ ਵਾਲਾ ਪਾਣੀ ਵਾਲਾ ਟੈਂਕਰ ਪਿੰਡ ਤੇ ਇਲਾਕਾ ਨਿਵਾਸੀਆਂ ਦੇ ਸਪੁਰਦ ਕਰਦਿਆਂ ਕਲੱਬ ਪ੍ਰਧਾਨ ਜਸਕਰਨ ਸਿੰਘ ਨੇ ਦੱਸਿਆ ਕਿ ਸਮੂਹ ਕੰਘੂਟਾ ਪਰਵਾਰ ਵੱਲੋਂ ਆਪਣੀ ਮਾਤਾ ਦੀ ਯਾਦ 'ਚ ਤਿਆਰ ਕਰਵਾਏ ਗਏ ਇਸ ਵਾਟਰ ਟੈਂਕ ਦੀ ਲਾਗਤ 1 ਲੱਖ ਰੁਪਏ ਤੋਂ ਉੱਪਰ ਹੈ ਅਤੇ ਇਸ ਦੀ ਸਾਰੀ ਮਾਇਆ ਉਕਤ ਦਾਨੀ ਪਰਵਾਰ ਵੱਲੋਂ ਭੇਟ ਕੀਤੀ ਗਈ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਨੌਜਵਾਨਾਂ ਦੇ ਇਸ ਉਦਮ ਦੀ ਸ਼ਲਾਘਾ ਕੀਤੀ।

ਇਸ ਮੌਕੇ ਪ੍ਰਧਾਨ ਜਸਕਰਨ ਸਿੰਘ ਦੇਹਰੀਵਾਲ, ਸੁਖਚੈਨ ਸਿੰਘ, ਰਫੀਕ ਮੁਹੰਮਦ, ਪ੍ਰਭਜੋਤ ਸਿੰਘ, ਉਪਕਾਰ ਸਿੰਘ, ਹਰਜਿੰਦਰ ਸਿੰਘ, ਅਮਰਜੀਤ ਸਿੰਘ, ਲਵਦੀਪ ਸਿੰਘ, ਗਗਨਦੀਪ ਸਿੰਘ, ਮਨਪ੍ਰੀਤ ਸਿੰਘ, ਬਲਵਿੰਦਰ ਸਿੰਘ, ਸਿਮਰਨਜੀਤ ਸਿੰਘ, ਲਖਵਿੰਦਰ ਸਿੰਘ, ਪਰਮਜੀਤ ਸਿੰਘ, ਹਰਦੀਪ ਸਿੰਘ, ਸਨੀ ਕੰਘੂਟਾ, ਜਤਿੰਦਰ ਸਿੰਘ, ਕਮਲਜੀਤ ਸਿੰਘ, ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਬਿਕਰਮਜੀਤ ਸਿੰਘ, ਲਾਭ ਸਿੰਘ, ਲੱਕੀ ਸਿੰਘ ਹਰਜੋਤ ਸਿੰਘ, ਹਰਜਾਪਵੀਰ ਸਿੰਘ, ਗੁਰਨੂਰ ਸਿੰਘ, ਰਵਿੰਦਰ ਸਿੰਘ ਵੀ ਮੌਜੂਦ ਸਨ।

ਬਾਦਲ ਦੇ ਜਨਮ ਦਿਨ 'ਤੇ ਖ਼ੂਨਦਾਨ ਕੈਂਪ

ਬਹਿਰਾਮ (ਅਵਤਾਰ ਕਲੇਰ) ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਨੂੰ ਮੁੱਖ ਰੱਖਦਿਆਂ ਨਵਾਂਸ਼ਹਿਰ ਗੁਰਦੁਆਰਾ ਮੰਜੀ ਸਾਹਿਬ ਵਿਖੇ ਸਾਹਿਬ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਜਾਣਗੇ ਅਤੇ ਖ਼ੂਨ ਦਾਨ ਕੈਂਪ ਵੀ ਲਗਾਇਆ ਜਾਵੇਗਾ।

ਇਸ ਸਬੰਧੀ ਹਲਕਾ ਬੰਗਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰਾਂ ਅਤੇ ਯੂਥ ਦੇ ਸੀਨੀਅਰ ਨੌਜਵਾਨਾਂ ਦੇ ਨਾਲ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਸਤਨਾਮ ਸਿੰਘ ਲਾਦੀਆਂ, ਸੋਹਣ ਲਾਲ ਢੰਡਾ, ਕੁਲਵਿੰਦਰ ਸਿੰਘ ਢਾਹਾਂ, ਸੁਰਜੀਤ ਸਿੰਘ ਮਾਂਗਟ, ਜੀਤ ਸਿੰਘ ਭਾਟੀਆ, ਗੁਰਚਰਨ ਸਿੰਘ ਚੀਮਾ, ਗੁਰਮਿੰਦਰ ਸਿੰਘ ਡਿੰਪਲ, ਤਰਸੇਮ ਲਾਲ ਸਰਪੰਚ, ਹਰਜੀਤ ਸਿੰਘ ਸੰਧਵਾਂ, ਕਮਲਜੀਤ ਸਿੰਘ ਬਸਰਾ, ਚਰਨਜੀਤ ਗੋਸਲ, ਚੰਨੀ ਭੋਲੀ, ਸੁਨੀਲ ਜੰਡਿਆਲੀ, ਮਨਜੀਤ ਸਿੰਘ ਬੱਬਲ, ਅਮਰੀਕ ਸਿੰਘ ਸੋਨੀ, ਜਗਤ ਸਿੰਘ ਪਠਲਾਵਾ, ਸ਼ਿੰਦਾ ਜਪਾਨੀ, ਅੰਮ੍ਰਿਤਪਾਲ ਭੂਤਾਂ, ਮਨਜੀਤ ਰਿਕੂ, ਹਾਤਮ ਬੰਗਾ, ਪਰਮਬੀਰ ਸਿੰਘ ਮਾਨ, ਬਲਵੀਰ ਸਿੰਘ ਲਾਦੀਆਂ, ਬਲਵੰਤ ਸਿੰਘ ਲਾਦੀਆਂ, ਗੁਰਿੰਦਰ ਲੇਹਲ, ਹਰਪ੍ਰੀਤ ਸੇਰਗਿੱਲ, ਗਗਨ ਪੰਚ ਚਾਹਲ ਕਲਾਂ, ਅਮਰਜੀਤ ਗੋਬਿੰਦਪੁਰ, ਰਮਨ ਕੁਮਾਰ ਬੰਗਾ,ਜਗਦੀਪ ਚੱਕ ਬਿਲਗਾ, ਸੁਖਦੇਵ ਸਿੰਘ ਮੱਲਾ, ਸੁਖਵਿੰਦਰ ਸਿੰਘ ਖੋਥੜਾ, ਮੱਖਣ ਸਿੰਘ ਖੋਥੜਾ ਆਦਿ ਹਾਜ਼ਰ ਸਨ।

ਲਾਇਲਪੁਰ ਖਾਲਸਾ ਕਾਲਜ 'ਚ ਵਿਸ਼ਵ ਏਡਜ਼ ਦਿਵਸ ਮਨਾਇਆ

ਜਲੰਧਰ (ਸ਼ੈਲੀ ਐਲਬਰਟ):- ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਐਨਐਸਐਸ ਯੂਨਿਟ ਅਤੇ ਰੈੱਡ ਰਿਬਨ

ਕਲੱਬ ਨੇ ਨੌਜਵਾਨਾਂ ਨੂੰ ਏਡਜ਼ ਦੀ ਬਿਮਾਰੀ ਅਤੇ ਇਸ ਦੀਆਂ ਸਾਵਧਾਨੀਆਂ ਬਾਰੇ ਜਾਗਰੂਕ ਕਰਨ ਲਈ ਵਿਸ਼ਵ ਏਡਜ਼ ਦਿਵਸ ਮਨਾਇਆ । ਇਸ ਮੌਕੇ ਪ੍ਰਿੰਸੀਪਲ ਡਾ: ਜਸਪਾਲ ਸਿੰਘ ਨੇ ਇਸ ਸਾਲ ਦੀ ਥੀਮ ਲੈਟ ਕਮਿਊਨਿਟੀਜ਼ ਲੀਡ ਬਾਰੇ ਦੱਸਿਆ ਅਤੇ ਵਲੰਟੀਅਰਾਂ ਨੂੰ ਐਚ.ਆਈ.ਵੀ. ਏਡਜ਼ ਪ੍ਰਤੀ ਜਾਗਰੂਕਤਾ ਦੇ ਦੂਤ ਬਣਨ ਦੀ ਸਲਾਹ ਦਿੱਤੀ । ਉਨ੍ਹਾਂ ਕਿਹਾ ਕਿ ਇਹ ਇੱਕ ਅਜਿਹੀ ਬਿਮਾਰੀ ਹੈ ਜਿਸ ਨੂੰ ਸਵੈ ਜਾਗਰੂਕ ਹੋ ਕੇ ਅਤੇ ਲੋਕਾਂ ਵਿੱਚ ਜਾਗਰੂਕਤਾ ਫੈਲਾਅ ਕੇ ਕਾਬੂ ਕੀਤਾ ਜਾ ਸਕਦਾ ਹੈ।ਇਸ ਮੌਕੇ ਮੁੱਖ ਮਹਿਮਾਨ ਪ੍ਰੋ: ਡਾ: ਅਮਨਦੀਪ ਸਿੰਘ, ਮੁਖੀ, ਸਰੀਰਕ ਸਿੱਖਿਆ ਵਿਭਾਗ ਅਤੇ ਇੰਚਾਰਜ, ਯੁਵਕ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਵਿਦਿਆਰਥੀਆਂ, ਸਟਾਫ਼ ਅਤੇ ਵਲੰਟੀਅਰਾਂ ਨੂੰ ਐੱਚਆਈਵੀ ਏਡਜ਼ ਦੇ ਕਾਰਨਾਂ ਅਤੇ ਰੋਕਥਾਮ ਬਾਰੇ ਜਾਗਰੂਕ ਕੀਤਾ । ਇਸ ਦਿਨ ਨੂੰ ਮਨਾਉਣ ਲਈ, ਜਾਣਕਾਰੀ ਦਾ ਪ੍ਰਸਾਰ ਕਰਨ ਅਤੇ ਐਚਆਈਵੀ/ਏਡਜ਼ ਨਾਲ ਸਬੰਧਤ ਕਲੰਕ ਅਤੇ ਵਿਤਕਰੇ ਨੂੰ ਰੋਕਣ ਲਈ ਇੱਕ ਸਹੁੰ ਚੁੱਕੀ ਗਈ। ਕਾਲਜ ਦੇ ਐਨਐਸਐਸ ਵਿਭਾਗ ਅਤੇ ਰੈੱਡ ਰਿਬਨ ਕਲੱਬ ਵੱਲੋਂ ਪੋਸਟਰ ਮੇਕਿੰਗ ਗਤੀਵਿਧੀ ਕਰਵਾਈ ਗਈ । ਵਿਦਿਆਰਥੀਆਂ ਨੇ ਇਸ ਸਾਲ ਦੀ ਥੀਮ ਲੈਟ ਕਮਿਊਨਿਟੀਜ਼ ਲੀਡ ਉੱਤੇ 32 ਅਰਥ ਪੂਰਨ ਪੋਸਟਰ ਬਣਾਏ ਅਤੇ ਇਸ ਲਈ ਉਹਨਾਂ ਦੇ ਰਚਨਾਤਮਕ ਦ੍ਰਿਸ਼ਟੀਕੋਣ ਲਈ ਸ਼ਲਾਘਾ ਕੀਤੀ ਗਈ। ਸਮਾਗਮ ਦੌਰਾਨ ਪ੍ਰੋ: ਡਾ: ਪਲਵਿੰਦਰ ਸਿੰਘ, ਡੀਨ ਸੱਭਿਆਚਾਰਕ ਮਾਮਲੇ, ਪ੍ਰੋ: ਸਤਪਾਲ ਸਿੰਘ, ਮੁੱਖ ਪ੍ਰੋਗਰਾਮ ਅਫ਼ਸਰ ਐਨ.ਐਸ.ਐਸ. ਅਤੇ ਪ੍ਰੋ: ਸਰਬਜੀਤ ਸਿੰਘ, ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਹਾਜ਼ਰ ਸਨ।।

ਗੁਰਦੁਆਰਾ ਸਿੰਘ ਸਭਾ ਬੱਛੋਵਾਲ ਵਿਖੇ ਪ੍ਰਕਾਸ਼ ਪੁਰਬ ਮਨਾਇਆ

ਫਿਲੌਰ (ਨਿਰਮਲ)- ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਗੁਰਦੁਆਰਾ ਸਿੰਘ ਸਭਾ ਪਿੰਡ ਬੱਛੋਵਾਲ ਦੀ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਨੌਜਵਾਨ ਸਭਾ ਵਲੋਂ ਧਾਰਮਿਕ ਸਮਾਗਮ ਕਰਵਾਇਆ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨ ਜੱਥੇ ਨੇ ਗੁਰਬਾਣੀ ਨਾਲ ਜੋੜਿਆ।

ਸੁਰਿੰਦਰਪਾਲ ਸਿੰਘ ਢੇਸੀ ਪ੍ਰਧਾਨ ਤੇ ਪਬੰਧਕ ਕਮੇਟੀ ਮੈਂਬਰਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ਪੁਰਬ ਦੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਅੱਜ ਲੋੜ ਹੈ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਚੱਲਕੇ ਸਮਾਜ ਸੇਵੀ ਉਪਰਾਲੇ ਤੇ ਲੋੜਵੰਦਾਂ ਦੀ ਸਹਾਇਤਾ ਕਰੀਏ। ਪ੍ਰਬੰਧਕ ਕਮੇਟੀ ਨੇ ਦਾਨੀ ਵੀਰਾਂ ਦਾ ਸਿਰੋਪੇ ਪਾ ਕੇ ਸਨਮਾਨ ਕੀਤਾ। ਇਸ ਮੌਕੇ ਬਾਬਾ ਜਗਜੀਤ ਸਿੰਘ ਦੁੱਧ ਵਾਲੇ, ਬਾਬਾ ਸਰੂਪ ਸਿੰਘ ਬੱਛੋਵਾਲ, ਸਤਪਿੰਦਰ ਸਿੰਘ ਨੰਬਰਦਾਰ, ਹਰਜੀਤ ਸਿੰਘ ਢੇਸੀ, ਗ੍ਰੰਥੀ ਹਰਬੰਸ ਸਿੰਘ,ਦਲਜੀਤ ਸਿੰਘ ਥਿੰਦ, ਮਲਕੀਤ ਸਿੰਘ ਥਿੰਦ, ਰੇਸ਼ਮ ਸਿੰਘ, ਮਹਿੰਦਰ ਸਿੰਘ, ਰਣਜੀਤ ਸਿੰਘ ਗਿੱਲ, ਸੁਖਜੀਵਨ ਸਿੰਘ, ਸੁਖਜਿੰਦਰ ਸਿੰਘ, ਦਵਿੰਦਰ ਸਿੰਘ, ਪ੍ਰਭਜੋਤ, ਰਮਨ , ਜੱਸਾ ਤੱਨਾ, ਦਲਜੀਤ ਸਿੰਘ, ਕਰਨ, ਮਨੀ, ਗੋਰਾ, ਸੀਤਾ, ਦੀਪਾ ਤੇ ਸਮੂਹ ਸਾਧ ਸੰਗਤਾਂ ਸ਼ਾਮਲ ਸਨ।

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ

ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐੱਸ ਸੈਣੀ)— ਕਲਗੀਧਰ ਪਿਤਾ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਸਾਹਿਬ ਬਾਬਾ ਫਤਿਹ ਸਿੰਘ, ਸਾਹਿਬ ਬਾਬਾ ਜੂਰਾ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮ ਮਹਿੰਦਰ ਸਿੰਘ ਮੱਲ ਦੇ ਗ੍ਰਹਿ ਮਹਿਲਾਂਵਾਲੀ ਵਿਖੇ ਸੰਤਾਂ, ਮਹਾਂਪੁਰਸ਼ਾਂ,ਧਾਰਮਿਕ, ਸਮਾਜਿਕ,ਰਾਜਨੀਤਕ ਸਖਸੀਅਤਾਂ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀ ਭਰੀ। ਸੁਖਮਣੀ ਸਾਹਿਬ ਜੀ ਦੇ ਪਾਠ ਦੇ ਭੋਗ ਤੋਂ ਉਪਰੰਤ ਪੰਥ ਪ੍ਰਸਿੱਧ ਰਾਗੀ ਜਥੇ ਭਾਈ ਜਤਿੰਦਰ ਸਿੰਘ ਪਿੱਪਲੀ ਸਾਹਿਬ ਲਵਲੀ ਯੂਨੀਵਰਸਿਟੀ ਵਾਲਿਆਂ ਦੇ ਜਥੇ ਨੇ ਰਸਭਿੰਨਾ ਕੀਰਤਨ ਅਤੇ ਸਾਹਿਬਜ਼ਾਦਿਆਂ ਦੀਆਂ ਮਹਾਨ ਕੁਰਬਾਨੀਆਂ ਦੇ ਇਤਿਹਾਸਕ ਘਟਨਾਕ੍ਰਮ ਨੂੰ ਵਾਰਾਂ ਦੇ ਰੂਪ ਵਿੱਚ ਬਾਖੂਬੀ ਪੇਸ਼ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਮੁੱਖੀ ਸਾਹਿਬਜ਼ਾਦਾ ਫਤਿਹ ਸਿੰਘ ਤਰਨਾਦਲ ਨਿਹੰਗ ਸਿੰਘਾਂ ਛਾਉਣੀ ਬਜਵਾੜਾ ਕਲਾਂ ਨੇ ਸਾਹਿਬਜ਼ਾਦਿਆਂ ਦੇ ਮਹਾਨ ਜੀਵਨ, ਦੇਸ਼ ਕੌਮ ਲਈ ਕੀਤੀਆਂ ਵੱਡੀਆਂ ਕੁਰਬਾਨੀਆਂ ਸਬੰਧੀ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਅਤੇ ਅੰਮ੍ਰਿਤ ਛਕ ਕੇ ਸਿੰਘ ਸਜਣ ਲਈ ਪ੍ਰੇਰਿਤ ਕੀਤਾ। ਉਨਾਂ ਸੰਗਤਾਂ ਨੂੰ 10 ਦਸੰਬਰ ਗੁਰਦੁਆਰਾ ਸਾਹਿਬ ਊਨਾ ਰੋਡ ਬਜਵਾੜਾ ਵਿਖੇ ਕਰਵਾਏ ਜਾ ਰਹੇ ਮਹਾਨ ਸ਼ਹੀਦੀ ਸਮਾਗਮ ਵਿੱਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸੰਤ ਸਰਵਣ ਦਾਸ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ)ਪੰਜਾਬ, ਸੰਤ ਰਮੇਸ਼ ਦਾਸ ਸ਼ੇਰਪੁਰ ਢੱਕੋਂ,ਸੰਤ ਗੁਰਦੇਵ ਸਿੰਘ ਬੀਨੇਵਾਲ, ਸੰਤ ਬਡਭਾਗੀ ਹਿਮਾਚਲ, ਡਾ. ਰਾਜ ਕੁਮਾਰ ਵਿਧਾਇਕ ਚੱਬੇਵਾਲ, ਸਮਿੱਤਰ ਸਿੰਘ ਸੀਕਰੀ,ਸਰਬਜੀਤ ਸਿੰਘ ਵਿਰਦੀ, ਦਰਸ਼ਨ ਸਿੰਘ ਡੀ ਐਸ ਢਾਬਾ, ਲੰਬੜਦਾਰ ਤਰਲੋਚਨ ਸਿੰਘ ਮਹਿਲਾਂ ਵਾਲੀ,ਜਗਦੀਸ਼ ਸਿੰਘ ਹਲੂਵਾਲ,ਇੰਦਰ ਕੌਰ ਟਾਂਡਾ, ਰਵਿੰਦ